ਵਕਤ ਦੇ ਵਹਿਣ

ਉਹ ਬੁੱਝਦੀ ਹੋਈ ਲੋਅ ਨੂੰ ਰੁਸ਼ਨਾਉਣ ਆਇਆ ਏ
ਉਹ ਸ਼ਹਿਰ ਮੇਰੇ ਵਿਚ ਬਣ ਕੇ ਮਹਿਮਾਨ ਆਇਆ ਏ
ਲਗਦਾ ਭੁੱਲੀਆਂ ਯਾਦਾਂ ਨੂੰ ਤੜਫਾਣ ਆਇਆ ਏ
ਉਹ ਸ਼ਹਿਰ ਮੇਰੇ ਵਿੱਚ ਬਣ ਕੇ ਮਹਿਮਾਨ ਆਇਆ ਏ।

ਵਕਤ ਦੇ ਵਹਿਣ

ਕਮਲਪ੍ਰੀਤ ਕੌਰ ਮੱਲੀ (ਲੀਲਾਂ)

ਪੰਜਾਬੀ ਲੇਖਕ ਡਾਟ ਕਾਮ

ਸ਼ਿਕਾਗੋ

ਵਕਤ ਦੇ ਵਹਿਣ

ਕਮਲਪ੍ਰੀਤ ਕੌਰ ਮੱਲੀ (ਲੀਲਾਂ)

ਪਿੰਡ: ਲੀਲਾਂ ਮੇਘ ਸਿੰਘ ਵਾਲੀਆਂ ਜਗਰਾਉਂ

ਲੁਧਿਆਣਾ

ਮੋਬਾਇਲ: 98558-68862, 97812-32662

ਸਾਲ: 2012

ਮੁੱਲ : 10 ਡਾਲਰ,

100 ਰੁਪਏ

ਪਰੂਫ ਰੀਡਿੰਗ : ਲੇਖਕ

ਪ੍ਰਕਾਸ਼ਕ :

ਪੰਜਾਬੀ ਲੇਖਕ ਡਾਟ ਕਾਮ, ਸ਼ਿਕਾਗੋ

PO BOX 7205
VILLA PARK IL. 60181 USA
gbhullar99@gmail.com
Phone 630 708 8451

ਛਾਪਕ:

ਏਸ਼ੀਆ ਵਿਜ਼ਨਜ਼

2920, ਗੁਰਦੇਵ ਨਗਰ, ਲੁਧਿਆਣਾ

98159-45018

janmeja@gmail.com
1-209-589-3367 (direct from USA/Canada)

ਕੀ ਕਿੱਥੇ

ਇਕ ਵਧੀਆ ਸੋਚ	7
ਸਮਾਜ ਦੀਆਂ ਨਜ਼ਰਾਂ ਵਿੱਚ ਜ਼ਿੰਦਗੀ	8
ਪਿਆਰ ਲੱਭਣ ਦੀ ਕੋਸ਼ਿਸ਼	12
ਦੰਗੇ	15
ਔਰਤ	16
ਫਰਿਆਦ	17
ਮੇਰੀ ਕਲਮ	19
ਕਲਾ	21
ਇਹ ਦੂਰੀਆਂ	22
ਵਾਂਗ ਫਕੀਰਾਂ	23
ਮੇਰੀ ਦੁਨੀਆਂ	24
ਆਖਰੀ ਮਕਾਨ	25
ਵਕਤ ਦੇ ਵਹਿਣ	26
ਸੋਚ ਪਿੰਛੇ ਜਾ ਰਹੀ	27
ਮੇਰੀ ਸੋਚ	28
ਖੁਸ਼ੀ	29
ਮੇਰੀ ਅਰਦਾਸ	30
ਕਮਲ	31
ਕਲਾ	33
ਔਰਤ	34
ਸਾਹਾਂ ਦੀ ਮਾਲਾ	35
ਲੀਕਾਂ ਦੇ ਮੇਲ	36
ਮੇਰੀ ਪਹਿਚਾਨ	37
ਫਰਿਸ਼ਤੇ	38
ਫਰਿਆਦ	39
ਪਿਆਰ ਦੇ ਦੋ ਪਲ	40
ਸੁਪਨਾ	41
ਵਾਤਾਵਰਣ	42
ਆਹਟ	43
ਕਿੱਥੇ ਜਾਣ ਦੇਖੋ ਏ ਵਿਚਾਰੀਆਂ	44
ਮਨ ਦਾ ਪੰਛੀ	46
ਯਾਦਾਂ	47
ਰੰਗਲਾ ਪੰਜਾਬ	49
ਗੁਨਾਹ	50
ਮਹਿਮਾਨ	51
ਭੁੱਲ ਵਰਗੀ	52
ਦਾਜ ਦੀ ਲਾਹਣਤ	53
ਇਸ਼ਕ ਝਨਾਂ	54
ਸੱਚੀ ਦਰਗਾਹ	55
ਸਾਂਝ	56
ਖਬਰ ਸਾਰੇ ਜੱਗ ਦੀ	57
ਅਹਿਸਾਸ	58
ਖਾਮੋਸ਼ੀ	59
ਵਿਸਰੀ ਯਾਦ	60
ਕੁੱਖ ਦਾ ਕਤਲ	61
ਮੈਂ ਲਿਖ ਰਹੀ ਹਾਂ	62
ਬਨਵਾਸ	63
ਕੁੱਝ ਗੱਲਾਂ	64
ਪਿਆਰ ਨੀ ਮੁੱਲ ਮਿਲਦਾ	65
ਤੇਰਾ ਨਾਮ	66
ਦਿਲਾ ਮੇਰਿਆ	67
ਕਲਯੁਗ	68
ਕੀ ਲੋਕਾਂ ਤੋਂ ਲੈਣਾ	69
ਹਾਦਸਾ	70
ਕਲਪਨਾ	71
ਅੱਖ ਰੋਵੇ	72
ਸਵਾਲ	73
ਲਫਜ਼ ਉਹਦੇ ਵਾਸਤੇ	74
ਮਾਂ	75
ਲਫਜ਼ਾਂ ਨੂੰ ਸੁੱਤੇ ਰਹਿਣ ਦੇ	76
ਹੀਰ ਝੰਗ ਸਿਆਲਾਂ ਦੀ	77
ਰੱਬ ਦੇ ਰੰਗ	78

ਇੰਤਜ਼ਾਰ	79
ਰੇਤ ਨੂੰ ਕਾਹਤੋਂ ਰਹੀਏ ਛਾਣ	80
ਪਤਝੜ ਵਰਗੀ ਜਿੰਦਗੀ	81
ਨਾਮ ਹੈ ਮਜਬੂਰੀ	82
ਮਾਂ ਦਾ ਦਿਲ	83
ਨਾਰੀ ਜਾਤ ਸਾਡੀ	86
ਉਸ ਕੁੜੀ ਦੀਆਂ ਯਾਦਾਂ	87
ਮੈਂ ਨਜ਼ਮ ਹਾਂ ਮੈਂ ਗੀਤ ਹਾਂ	89
ਲਾਸ਼	90
ਲਫ਼ਜ਼ਾਂ ਦੀ ਸੋਗਾਤ	91
ਨਜ਼ਮ	92
ਕੰਜਕਾਂ	93
ਸੁਪਨਾ ਇੱਕ ਆਇਆ	95
ਅੱਖਰ ਚਾਰ ਲੋਕੋ	96
ਪਹਿਚਾਨ	97
ਸ਼ੇਅਰ	98
ਕਿੱਸਾ ਰਜਨੀ	99
ਸੱਚ ਦੀ ਠੰਡੀ ਛਾਂ	103
ਕਿੰਝ ਸਮਝਾਵਾਂ	104
ਜ਼ਮਾਨੇ ਦੀਆਂ ਠੋਕਰਾਂ	105
ਇਹ ਹੰਝੂ	106
ਬਣੂਗਾ ਨਸੀਬ	107
ਭੁੱਲ ਬੈਠਾ ਇਨਸਾਨ	108
ਮੰਦੇ ਚੰਗੇ ਬੋਲ	109
ਸ਼ੇਅਰ	110
ਇੰਚ ਨਾ ਵੰਡੀਏ	111
ਖੈਰ ਤੇਰੇ ਲਈ	112
ਮੜੀ ਤੇ ਮੇਲੇ	113
ਬੇਸ਼ੱਕ	114
ਢੋਲ ਸਾਰੰਗੀ	115
ਉਮੀਦ	116
ਪਿਆਸ	117
ਬੰਦਗੀ	118
ਮੇਲਾ ਦੁਨੀਆਂ ਦਾ	120

ਇਕ ਵਧੀਆ ਸੋਚ

ਕਮਲਪਰੀਤ ਕੌਰ ਮੱਲ੍ਹੀ

ਇਹ ਸੱਚ ਹੈ ਕਿ ਸ਼ਾਇਰ ਲੋਕ ਸਾਡੇ ਸਮਾਜ ਦਾ ਸ਼ੀਸ਼ਾ ਹੁੰਦੇ ਹਨ ਸਾਡੇ ਸਮਾਜ ਵਿਚ ਜਾਂ ਸਾਡੇ ਆਲੇ ਦੁਆਲੇ ਵਾਪਰਨ ਵਾਲੇ ਵਰਤਾਰੇ ਨੂੰ ਗੀਤਾਂ ਜਾਂ ਕਵਿਤਾਵਾਂ ਵਿਚ ਲਿੱਖਣਾ ਕੁਝ ਇੱਕ ਲੋਕਾਂ ਦੇ ਹੀ ਹਿਸੇ ਆਉਂਦਾ ਹੈ ਇਹ ਗੱਲ ਵੱਖ ਹੈ ਪਰਮਾਤਮਾ ਦੇ ਵਰਸੋਏ ਇਹ ਸ਼ਾਇਰ ਜਾਂ ਲੇਖਕ ਲੋਕ ਪਰਮਾਤਮਾ ਦੇ ਦਿਤੇ ਇਸ ਗੁਣ ਨੂੰ ਕਿਸ ਤਰੀਕੇ ਨਾਲ ਵਰਤਦੇ ਹਨ ਕਲਮ ਜਿਥੇ ਸਾਡੇ ਸਮਾਜ ਨੂੰ ਜਾਗਰੁਕ ਕਰ ਸਕਦੀ ਹੈ ਉਥੇ ਇਹੀ ਕਲਮ ਜੇ ਗਲਤ ਰਾਹ ਤੇ ਤੁਰ ਪਵੇ ਤਾਂ ਸਮਾਜ ਨੂੰ ਕੁਰਾਹੇ ਵੀ ਪਾ ਦਿੰਦੀ ਹੈ ਕਿਉਂ ਕਿ ਇਹਨਾ ਕਲਮਾਂ ਦੁਆਰਾ ਲਿੱਖੇ ਗੀਤਾਂ ਜਾਂ ਕਵਿਤਾਵਾਂ ਦਾ ਅਸਰ ਜਿਥੇ ਸਮਾਜ ਦੇ ਹਰ ਵਰਗ ਤੇ ਪੈਦਾਂ ਹੈ ਉਥੇ ਸਾਡੀ ਨੋਜਵਾਨ ਪੀੜੀ ਤੇ ਇਸ ਦਾ ਸਭ ਤੋ ਵੱਧ ਅਸਰ ਹੁੰਦਾ ਹੈ ਮੈਨੂੰ ਖੁਸ਼ੀ ਹੈ ਕਿ ਕਮਲਪਰੀਤ ਦੀ ਸ਼ਾਇਰੀ ਵਿਚ ਸਮਾਜ ਪ੍ਰਤੀ ਇਕ ਸ਼ਾਇਰ ਦੀ ਸਾਰਥੱਕ ਸੋਚ ਹੈ ਕਮਲਪਰੀਤ ਨੇ ਇਕ ਔਰਤ ਹੋਣ ਦੇ ਨਾਤੇ ਜਿਥੇ ਇਕ ਔਰਤ ਦੇ ਦਰਦ ਨੂੰ ਖੂਬਸੂਰਤ ਢੰਗ ਨਾਲ ਬਿਆਨ ਕੀਤਾ ਹੈ ਉਥੇ ਸਾਡੇ ਸਮਾਜ ਦੇ ਹਰ ਪਖ ਨੂੰ ਉਸ ਨੇ ਆਪਣੀਆਂ ਕਵਿਤਾਵਾਂ ਅਤੇ ਗੀਤਾਂ ਵਿਚ ਲਿਖਿਆ ਹੈ ਅਤੇ ਮੈ ਆਸ ਕਰਦਾ ਕਿ ਉਹ ਹਮੇਸ਼ਾ ਹੀ ਆਪਣ੍ਹੇ ਇਹਨਾ ਫਰਜ਼ਾਂ ਪ੍ਰਤੀ ਸੁਚੇਤ ਰਹਿਣਗੇ ਅਤੇ ਸਾਡੇ ਸਮਾਜ ਨੂੰ ਸਹੀ ਸੇਧ ਦੇਣ ਲਈ ਕੰਮ ਕਰਨਗੇ ਸੋ ਮੈ ਆਪਣੇ ਵਲੋ ਉਹਨਾਂ ਨੂੰ ਉਹਨਾਂ ਦੀ ਇਸ ਪਹਿਲੀ ਕਿਤਾਬ 'ਵਕਤ ਦੇ ਵਹਿਣ' ਲਈ ਲੱਖ ਲੱਖ ਵਧਾਈ ਦਿੰਦਾ ਹਾਂ ਅਤੇ ਸਾਹਿਤ ਦੇ ਖੇਤਰ ਵਿਚ ਉਹਨਾਂ ਨੂੰ ਜੀ ਆਇਆ ਕਹਿੰਦਾ ਹਾਂ, ਪਰਮਾਤਮਾ ਕਰੇ ਕਿ ਉਹ ਦਿਨ ਦੁਗਣੀ ਅਤੇ ਰਾਤ ਚੌਗਣੀ ਤਰੱਕੀ ਕਰਨ ਅਤੇ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ

ਗੁਰਮੁੱਖ ਸਿੰਘ ਭੁੱਲਰ, ਸ਼ਿਕਾਗੋ, ਯੂ ਐਸ ਏ

ਸਮਾਜ ਦੀਆਂ ਨਜ਼ਰਾਂ ਵਿੱਚ ਜ਼ਿੰਦਗੀ

ਸਮਾਜ ਦੀਆਂ ਨਜ਼ਰਾਂ ਵਿੱਚ ਜ਼ਿੰਦਗੀ ਇੱਕ ਉਪ ਪਹਿਲੂ ਹੈ ਜਿਸ ਵਿਚ ਸਹੀ ਅਤੇ ਗਲਤ ਫੈਸਲਿਆਂ ਦਾ ਤੋਰਾ ਹਮੇਸ਼ਾ ਹੀ ਤੁਰਦਾ ਰਹਿੰਦਾ ਏ। ਜੇ ਕੋਈ ਇਨਸਾਨ ਆਪਣੇ ਆਪ ਨੂੰ ਕਿਸੇ ਮੁਕਾਮ 'ਤੇ ਦੇਖਣਾ ਚਾਹੁੰਦਾ ਏ ਤਾਂ ਉਸ ਨੂੰ ਕਈ ਤਰ੍ਹਾਂ ਦੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਏ:- ਜਿਵੇਂ ਕਿ ਮਰਦ ਪ੍ਰਧਾਨ ਸਮਾਜ ਵਿਚ ਅੱਜ ਵੀ ਔਰਤ ਨੂੰ ਪੈਰ ਦੀ ਜੁੱਤੀ ਹੀ ਸਮਝਿਆ ਜਾਂਦਾ ਏ ਅਤੇ ਉਸ ਦੇ ਸਾਰੇ ਅਰਮਾਨ ਪੈਰਾਂ ਥੱਲੇ ਦੱਬ ਕਿ ਰਹਿ ਜਾਂਦੇ ਨੇ। ਚਾਹੇ ਔਰਤ ਕਿਸੇ ਵੀ ਖੇਤਰ ਵਿੱਚ ਮਰਦਾਂ ਨਾਲੋਂ ਘੱਟ ਨਹੀਂ ਹੈ ਪਰ ਫਿਰ ਵੀ ਇਸ ਸਮਾਜ ਵਿੱਚ ਔਰਤ ਦਾ ਦਰਜਾ ਮਰਦਾਂ ਨਾਲੋਂ ਹਮੇਸ਼ਾ ਹੀ ਨੀਵਾਂ ਰਿਹਾ ਏ। ਔਰਤ ਚਾਹੇ ਤਾਂ ਕੀ ਨਹੀਂ ਕਰ ਸਕਦੀ, ਬਸ ਲੋੜ ਹੈ ਸਿਰਫ ਆਪਣੀ ਸੋਚ ਨੂੰ ਬਦਲਣ ਦੀ ਫਿਰ ਕੋਈ ਵੀ ਕਿਸੇ ਦੇ ਜੁਲਮਾਂ ਦਾ ਸ਼ਿਕਾਰ ਨਹੀਂ ਹੋ ਸਕਦਾ। ਗੁਰੂਆਂ, ਪੀਰਾਂ ਨੂੰ ਜਨਮ ਦੇਣ ਵਾਲੀ ਔਰਤ ਇੰਨੀ ਕਮਜ਼ੋਰ ਕਿਉਂ ਹੈ, ਝਾਂਸੀ ਰਾਣੀ, ਕਲਪਨਾ ਚਾਵਲਾ, ਮਦਰ ਟਰੇਸਾ ਇਹ ਸਭ ਵੀ ਤਾਂ ਔਰਤਾਂ ਹੀ ਸਨ ਫਿਰ ਅਸੀਂ ਆਪਣੇ ਆਪ ਨੂੰ ਇੰਨਾ ਕਮਜ਼ੋਰ ਕਿਉਂ ਸਮਝਦੀਆਂ ਹਾਂ। ਮੈਂ ਵੀ ਇੱਕ ਔਰਤ ਹਾਂ, ਮੇਰੇ ਵੀ ਕੁੱਝ ਅਰਮਾਨ ਨੇ, ਮੈਂ ਵੀ ਪੰਛੀਆਂ ਦੀ ਤਰ੍ਹਾਂ ਅੰਬਰਾਂ ਵਿੱਚ ਉਡਣਾ ਚਾਹੁੰਦੀ ਹਾਂ ਫਿਰ ਕਿਉਂ ਅਸੀਂ ਸੋਚ ਦੇ ਪਰ ਕੱਟ ਰਹੇ ਹਾਂ। ਆਓ ਆਪਾਂ ਆਪਣੀ ਸੋਚ ਨੂੰ ਅਜਾਦ ਕਰੀਏ ਅਤੇ ਔਰਤ ਨੂੰ ਕਮਜ਼ੋਰ ਹੋਣ ਤੋਂ ਬਚਾਈਏ। ਤਾਂ ਕਿ ਉਹ ਆਪਣੇ ਹੱਕ ਲਈ ਤਾਂ ਲੜ ਸਕੇ ਅਤੇ ਇੱਕ ਨਵੇਂ ਸਮਾਜ ਦੀ ਸਿਰਜਨਾ ਕਰ ਸਕੇ।

''ਕਮਲ ਆਪਣੀ ਸੋਚ ਨੂੰ ਅੰਬਰਾਂ ਤੱਕ ਲੈ ਜਾਵੀਂ ਤੂੰ
ਝਾਂਸੀ ਹਾਂ ਇਸ ਯੁੱਗ ਦੀ ਸਭ ਲੋਕਾਂ ਤਾਈਂ ਕਹਿ ਜਾਵੀਂ ਤੂੰ।''

ਕਈ ਲੋਕ ਧੀਆਂ ਨੂੰ ਕੁੱਖ ਵਿੱਚ ਕਤਲ ਕਰਾ ਕੇ ਪੁੱਤਾਂ ਦੀ ਚਾਹਨਾ ਰੱਖਦੇ ਹਨ। ਪਰ ਉਹ ਇਹ ਨਹੀਂ ਸਮਝਦੇ ਕਿ ਪੁੱਤਾਂ ਨੇ ਵੱਡੇ ਹੋ ਕੇ ਘਰ ਦੇ ਵੱਡੇ ਵਿਹੜੇ ਨੂੰ ਪਤਾ ਨਹੀਂ ਕਿੰਨੇ ਕੁ ਹਿੱਸਿਆਂ ਵਿੱਚ ਵੰਡਣਾ ਏ। ਪਰ ਧੀਆਂ ਰੱਖੜੀ ਦੇ ਇੱਕ ਛੋਟੇ ਜਿਹੇ ਧਾਗੇ ਨਾਲ ਪਤਾ ਨਹੀਂ ਕਿੰਨਾ ਕੁ ਕੁਝ ਬੰਨ੍ਹ ਲੈਂਦੀਆਂ ਨੇ।

ਪਰ ਫਿਰ ਵੀ ਲੋਕ ਧੀਆਂ ਨੂੰ ਕੁੱਖ ਵਿੱਚ ਮਾਰਨ ਵਾਰੇ ਸੋਚ ਲੈਂਦੇ ਨੇ। ਯੁੱਗ ਬੀਤਦਾ ਜਾ ਰਿਹਾ ਏ, ਸਮਾਂ ਲੰਘਦਾ ਜਾ ਰਿਹਾ ਏ ਪਰ ਸੋਚ ਨਹੀਂ ਬਦਲ ਰਹੀ। ਜਦੋਂ ਕਿਸੇ ਘਰੇ ਕੋਈ ਪੁੱਤਰ ਜਨਮ ਲੈਂਦਾ ਹੈ, ਉਸ ਘਰ ਵਿੱਚ ਬਹੁਤ ਖੁਸ਼ ਮਨਾਈ ਜਾਂਦੀ ਏ। ਪਰ ਜਦੋਂ ਕੋਈ ਧੀ ਜੰਮਦੀ ਏ ਤਾਂ ਦਸ-ਦਸ ਦਿਨ ਤੱਕ ਉਸਦਾ ਨਾਮ ਵੀ ਨਹੀਂ ਰੱਖਿਆ ਜਾਂਦਾ। ਜੇਕਰ ਉਸਨੂੰ ਕੋਈ ਨਾਮ ਦਿੱਤਾ ਵੀ ਜਾਂਦਾ ਹੈ ਤਾਂ ਉਹ ਹੁੰਦਾ ਏ 'ਪੱਥਰ', ਵਿਗਾਨਾ ਧਨ, ਪਰਾਈਆਂ ਅਤੇ ਸਹੁਰੇ ਘਰ ਵਿੱਚ ਵੀ ਉਹਨਾਂ ਨੂੰ ਬੇਗਾਨੀ ਧੀ ਹੀ ਕਿਹਾ ਜਾਂਦਾ ਏ। ਮੈਨੂੰ ਸਮਝ ਨਹੀਂ ਆਉਂਦੀ ਕਿ ਆਖਰ ਕੁੜੀਆਂ ਦਾ ਆਪਣਾ ਘਰ ਕਿਹੜਾ ਹੁੰਦਾ ਏ ਜਿੱਥੇ ਉਹਨਾਂ ਨੂੰ ਇੱਜਤ-ਮਾਣ ਅਤੇ ਸਤਿਕਾਰ ਮਿਲ ਸਕੇ। ਇਹ ਸੋਚਦਿਆਂ ਸੋਚਦਿਆਂ ਮੈਂ ਰੋ ਪੈਂਦੀ ਹਾਂ ਅਤੇ ਆਪਣੇ ਇਸ ਦਰਦ ਨੂੰ ਖੁਦ ਲਿਖ ਕੇ ਪੜ੍ਹਦੀ ਹਾਂ। ਬਹੁਤ ਦਿਲ ਕਰਦਾ ਏ ਕਿ ਮੈਂ ਲਿਖਦੀ ਰਹਾਂ, ਸਮਾਜ ਵਿੱਚ ਹੋ ਰਹੇ ਅੱਤਿਆਚਾਰਾਂ ਵਾਰੇ ਲਿਖਾਂ, ਨਸ਼ਿਆਂ ਦੀ ਦਲਦਲ ਵਿਚ ਧਸ ਰਹੇ ਪੰਜਾਬੀ ਗੱਭਰੂ ਜੋ

ਆਪਣੀਆਂ ਜਵਾਨੀਆਂ ਨੂੰ ਰੋਲ ਰਹੇ ਨੇ ਉਹਨਾਂ ਬਾਰੇ ਲਿਖਾਂ ਤੇ ਲਿਖਾਂ ਭਰੂਣ ਹੱਤਿਆ 'ਤੇ- ਜੋ ਕੁੱਖ ਵਿੱਚ ਧੀ ਦਾ ਕਤਲ ਕਰਾ ਕੇ ਖੁਦ ਧੀਆਂ ਦੇ ਕਾਤਲ ਬਣਦੇ ਨੇ ਅਤੇ ਉਹਨਾਂ ਵਹਿਸ਼ੀ ਦਰਿੰਦਿਆਂ ਦੀ ਉਸ ਗੰਦੀ ਕਰਤੂਤ ਨੂੰ ਲਿਖਾਂ ਤੇ ਲੋਕਾਂ ਮੂਹਰੇ ਲਿਆਵਾਂ ਜੋ ਪਤਾ ਨਹੀਂ ਕਿੰਨੀਆਂ ਕੁ ਕੁੜੀਆਂ ਦੀਆਂ ਇੱਜ਼ਤਾਂ ਨਾਲ ਖੇਡ ਕੇ ਖੁਦ ਨੂੰ ਇੱਜ਼ਤ ਵਾਲੇ ਅਖਵਾਉਦੇ ਨੇ ਅਤੇ ਕੁਝ ਉਹ ਲੋਕ ਜਿਹੜੇ ਆਪਣੀਆਂ ਧੀਆਂ ਵਰਗੀਆਂ ਨੂੰਹਾਂ ਨੂੰ ਮਿੱਟੀ ਦਾ ਤੇਲ ਪਾ ਕੇ ਅੱਗ ਵਿੱਚ ਸਾੜ ਦਿੰਦੇ ਹਨ ਤਾਂ ਰੂਲ ਜਾਂਦੇ ਨੇ ਮਾਸੂਮ ਸਾਰੀ ਉਮਰ ਲਈ, ਮਾਂ ਬਾਪ ਦੇ ਪਿਆਰ ਨੂੰ ਤਰਸਦੇ।ਆਪਣਿਆਂ ਨਾਲ ਹੋਈ ਹੱਡ ਬੀਤੀ ਦਿਲ ਵਿੱਚ ਗਹਿਰੀ ਥਾਂ ਬਣਾ ਜਾਂਦੀ ਏ ਤੇ ਉਸਦੀ ਅੱਗ ਹਮੇਸ਼ਾ ਹੀ ਧੁੱਖਦੀ ਰਹਿੰਦੀ ਏ। ਮੈਂ ਵੀ ਇਸ ਸੇਕ ਨੂੰ ਆਪਣੇ ਦਿਲ ਤੇ ਸਹਿ ਚੁੱਕੀ ਆਂ ਕਿਉਂਕਿ ਇਹ ਸਭ ਕੁਝ ਮੇਰੀ ਆਪਣੀ ਭੈਣ ਨਾਲ ਵੀ ਬੀਤ ਚੁੱਕਾ ਏ ਜਿਸ ਦੀ ਅੱਗ ਵਿਚ ਮੈਂ ਹਮੇਸ਼ਾ ਧੁੱਖਦੀ ਰਹਿੰਦੀ ਹਾਂ। ਫਿਰ ਉਹੀ ਦਰਦ ਕਲਮ ਰਾਹੀਂ ਕਿਸੇ ਕਵਿਤਾ, ਗ਼ਜ਼ਲ ਅਤੇ ਕਹਾਣੀ ਦਾ ਰੂਪ ਧਾਰ ਲੈਂਦਾ ਏ ਤੇ ਮੈਂ ਇਸ ਨੂੰ ਕਲਮ ਰਾਹੀਂ ਲਫਜ਼ਾਂ ਵਿੱਚ ਪਰੋਣ ਦੀ ਕੋਸ਼ਿਸ਼ ਕਰਦੀ ਰਹਿੰਦੀ ਹਾਂ।

ਲਿਖਦਿਆਂ ਲਿਖਦਿਆਂ ਇਹ ਸ਼ੌਂਕ ਕਵਿਤਾਵਾਂ ਵਿੱਚ ਬਦਲ ਗਿਆ। ਜੇ ਕੋਈ ਦੁੱਖ ਦਰਦ ਸਾਹਮਣੇ ਆਉਂਦਾ, ਮੈਂ ਉਸਨੂੰ ਕਵਿਤਾ ਦੇ ਰੂਪ ਵਿਚ ਲਿਖ ਦਿੰਦੀ ਤੇ ਉਸਨੂੰ ਵਾਰ-ਵਾਰ ਪੜ੍ਹਦੀ ਰਹਿੰਦੀ। ਬਹੁਤ ਪਿਆਰ ਪੈ ਚੁੱਕਿਆ ਸੀ ਮੈਨੂੰ ਆਪਣੀ ਕਲਮ ਨਾਲ। ਮੈਂ ਆਪਣੀ ਕਲਮ ਨਾਲ ਜੀਹਨੇ ਹਰ ਪਲ ਮੇਰਾ ਸਾਥ ਦਿੱਤਾ ਏ ਤੇ ਮੇਰੇ ਹਰ ਇੱਕ ਦੁੱਖ ਦਰਦ ਨੂੰ ਸਮਝਿਆ ਏ ਤੇ ਮੈਨੂੰ ਇਹ ਅਹਿਸਾਸ ਦੁਆਇਆ ਕਿ ਮੈਂ 'ਕੱਲੀ ਨਹੀਂ ਹਾਂ। ਮੇਰੀ ਕਲਮ ਮੇਰੇ ਨਾਲ ਏ। ਆਪਣੇ ਇਸ ਸ਼ੌਂਕ ਨੂੰ ਪਹਿਲਾਂ ਪਹਿਲ ਮੈਂ ਸਿਰਫ ਆਪਣੇ ਤੱਕ ਹੀ ਸੀਮਤ ਰੱਖਿਆ ਅਤੇ ਲਿਖਦੀ ਰਹੀ। ਫਿਰ ਇੱਕ ਦਿਨ ਮੇਰੀ ਭਤੀਜੀ 'ਰਮਨ' ਨੇ ਮੈਨੂੰ ਕਿਹਾ ਕਿ ਭੂਆ ਜੀ ਤੁਸੀਂ ਇੰਨਾ ਕੁਝ ਲਿਖਦੇ ਓ, ਫਿਰ ਆਪਣੇ ਇਸ ਸ਼ੌਂਕ ਨੂੰ ਤੁਸੀਂ ਲੋਕਾਂ ਮੂਹਰੇ ਕਿਉਂ ਨਹੀਂ ਲਿਆਉਦੇ। ਪਹਿਲਾਂ ਤਾਂ ਮੈਨੂੰ ਬਹੁਤ ਅਜੀਬ ਜਿਹਾ ਲੱਗਿਆ ਕਿ ਪਤਾ ਨਹੀਂ ਘਰ ਵਿਚ ਮੇਰੇ ਇਸ ਸ਼ੌਂਕ ਦੀ ਕੋਈ ਕਦਰ-ਕੀਮਤ ਪਵੇਗੀ ਵੀ ਜਾਂ ਨਹੀਂ। ਫਿਰ ਇੱਕ ਦਿਨ ਮੈਂ ਹੌਂਸਲਾ ਕਰਕੇ ਆਪਣੇ ਪਤੀ 'ਵਿਜੈ ਮੱਲ੍ਹੀ' ਕੋਲ ਗੱਲ ਕੀਤੀ। ਉਸਨੇ ਮੇਰੀਆਂ ਲਿਖੀਆਂ ਕਵਿਤਾਵਾਂ, ਗੀਤ, ਗ਼ਜ਼ਲਾਂ ਅਤੇ ਕਹਾਣੀਆਂ ਨੂੰ ਪੜ੍ਹਿਆ ਅਤੇ ਮੈਨੂੰ ਸਮਝਾਇਆ ਕਿ ਜੇ ਤੇਰੇ ਕੋਲ ਲਿਖਣ ਦੀ ਕੋਈ ਕਲਾ ਹੈ ਤਾਂ ਤੂੰ ਉਸਨੂੰ ਲੁਕੋ ਕਿਉਂ ਰਹੀਂ ਏ ਤੇ ਮੈਨੂੰ ਕਹਿਣ ਲੱਗੇ ਕਿ ਕਮਲ ਮੈਂ ਤੇਰੇ ਨਾਲ ਹਾਂ, ਤੂੰ ਲਿਖ ਤੇ ਹਮੇਸ਼ਾ ਸੱਚ ਨੂੰ ਹੀ ਲਿਖੀਂ, ਫਿਰ ਮੈਨੂੰ ਪਤਾ ਨਹੀਂ ਕਿੰਨੀ ਕੁ ਖੁਸ਼ੀ ਮਿਲੀ ਕਿਉਂਕਿ ਘਰ ਵਿਚ ਕਿਸੇ ਨੇ ਤਾਂ ਮੇਰੀ ਸੋਚ ਨੂੰ ਸਮਝਣ ਦੀ ਕੋਸ਼ਿਸ਼ ਕੀਤੀ। ਉਹ ਵੀ ਮੇਰੇ ਆਪਣੇ ਪਤੀ ਨੇ। ਮੈਂ ਬਹੁਤ ਖੁਸ਼ ਸਾਂ। ਫਿਰ ਮੈਂ ਆਪਣੇ ਲਿਖਣ ਦੇ ਸ਼ੌਂਕ ਨੂੰ ਇੰਝ ਹੀ ਜਾਰੀ ਰੱਖਿਆ। ਇੱਕ ਦਿਨ ਕੁਲਵੰਤ ਸਿੰਘ ਜੋ ਕਿ ਸਾਡੇ ਆਪਣਿਆਂ ਵਿੱਚੋਂ ਹੀ ਹੈ, ਸਾਡੀ ਮੁਲਾਕਾਤ ਉਹਨਾਂ ਨਾਲ ਹੋਈ। ਮੈਂ ਉਹਨਾਂ ਕੋਲ ਆਪਣੇ ਗੀਤਾਂ, ਕਹਾਣੀਆਂ ਵਾਰੇ ਗੱਲ ਕੀਤੀ ਜੋ ਉਸਨੂੰ ਬਹੁਤ ਹੀ ਚੰਗਾ ਲੱਗਿਆ। ਉਹਨਾਂ ਨੇ ਮੇਰੀ ਮੁਲਾਕਾਤ ਅਮਰੀਕਾ ਵਸਦੇ ਆਪਣੇ ਵੱਡੇ ਵੀਰ 'ਦੀਪ ਮੰਗਲੀ ਜੀ' ਨਾਲ ਕਰਵਾਈ। ਮੈਂ ਫੋਨ ਤੇ ਉਹਨਾਂ ਨੂੰ ਸਾਰੀ ਗੱਲ ਦੱਸੀ ਅਤੇ ਆਪਣੀਆਂ ਲਿਖੀਆਂ ਹੋਈਆਂ ਕੁਝ ਨਜਮਾਂ ਉਹਨਾਂ ਨੂੰ ਸੁਣਾਈਆਂ ਜੋ ਕਿ ਉਹਨਾਂ ਨੇ ਬਹੁਤ

ਪਸੰਦ ਕੀਤੀਆਂ। ਉਹਨਾਂ ਨੇ ਮੈਨੂੰ ਕੁਝ ਹੋਰ ਨਜ਼ਮਾਂ ਲਿਖਣ ਵਾਰੇ ਕਿਹਾ ਤੇ ਉਹਨਾਂ ਨੂੰ ਮੇਰਾ ਕੰਮ ਬਹੁਤ ਵਧੀਆ ਲੱਗਿਆ। ਕਿਉਂਕਿ ਉਹ ਇੱਕ ਬਹੁਤ ਹੀ ਵਧੀਆ ਸ਼ਾਇਰ ਹਨ। ਉਨ੍ਹਾਂ ਦੇ ਲਿਖੇ ਹੋਏ ਗੀਤ ਅੱਜ ਵੀ ਲੋਕਾਂ ਦੀ ਜਵਾਨ 'ਤੇ ਗੂੰਜਦੇ ਹਨ। ਉਹਨਾਂ ਨੇ ਮੈਨੂੰ ਇੰਝ ਹੀ ਲਿਖਦੀ ਰਹਿਣ ਲਈ ਪ੍ਰੇਰਿਤ ਕੀਤਾ। ਗੱਲਾਂ ਗੱਲਾਂ ਵਿੱਚ ਮੈਂ ਉਹਨਾਂ ਨੂੰ ਆਪਣੇ ਘਰ ਦੇ ਹਾਲਾਤਾਂ ਵਾਰੇ ਵੀ ਦੱਸਦੀ ਰਹਿੰਦੀ। ਉਹਨਾਂ ਨੇ ਮੈਨੂੰ ਬਹੁਤ ਹੌਸਲਾ ਦਿੱਤਾ ਤੇ ਮੇਰੀ ਮਦਦ ਵੀ ਕੀਤੀ।

ਮੈਂ ਦੀਪ ਮੰਗਲੀ ਜੀ ਦੀ ਤਹਿ ਦਿਲੋਂ ਧੰਨਵਾਦੀ ਹਾਂ ਜਿਹਨਾਂ ਨੇ ਮੇਰੇ ਇਸ ਸ਼ੌਂਕ ਨੂੰ ਬਹੁਤ ਹੀ ਪਿਆਰ ਅਤੇ ਸਤਿਕਾਰ ਦਿੱਤਾ ਅਤੇ ਮੈਨੂੰ ਕਿਹਾ ਕਿ ਕਮਲ ਤੁਸੀਂ ਬਸ ਏਦਾਂ ਦੀ ਲਿਖਦੇ ਰਹੋ। ਫਿਰ ਇੱਕ ਦਿਨ ਉਹਨਾਂ ਨੇ ਮੇਰੇ ਵਾਰੇ ਅਮਰੀਕਾ ਹੀ ਵਸਦੇ ਵੱਡੇ ਵੀਰ ਸ੍ਰ. ਗੁਰਮੁੱਖ ਭੁੱਲਰ ਜੀ ਕੋਲ ਮੇਰੇ ਵਾਰੇ ਜਿਕਰ ਕੀਤਾ। ਸ੍ਰ. ਗੁਰਮੁੱਖ ਭੁੱਲਰ ਜੀ ਪੰਜਾਬੀ ਸਾਹਿਤ ਦੇ ਇਕ ਬਹੁਤ ਹੀ ਵਧੀਆ ਸ਼ਾਇਰ ਹਨ। ਉਹਨਾਂ ਨਾਲ ਮੇਰੀ ਫੋਨ 'ਤੇ ਗੱਲ ਕਰਵਾਈ। ਉਨ੍ਹਾਂ ਨੇ ਮੇਰੀਆਂ ਇੱਕ ਦੋ ਨਜ਼ਮਾਂ ਸੁਣਨ ਤੋਂ ਬਾਅਦ ਮੈਨੂੰ ਇੱਕ ਖਰੜਾ ਤਿਆਰ ਕਰਨ ਨੂੰ ਕਿਹਾ ਤਾਂ ਕਿ ਮੇਰੀਆਂ ਲਿਖੀਆਂ ਨਜ਼ਮਾਂ ਦੀ ਕਿਤਾਬ ਛਪ ਸਕੇ। ਸ੍ਰ. ਗੁਰਮੁੱਖ ਭੁੱਲਰ ਜੀ ਜਿੰਨੇ ਵਧੀਆ ਸ਼ਾਇਰ ਹਨ, ਉਨੇ ਹੀ ਵਧੀਆ ਇਨਸਾਨ ਹਨ ਜਿੰਨ੍ਹਾਂ ਨੇ ਵਿਦੇਸ਼ ਦੀ ਧਰਤੀ 'ਤੇ ਰਹਿ ਕੇ ਵੀ ਆਪਣੇ ਵਿਰਸੇ ਅਤੇ ਪੰਜਾਬੀਅਤ ਨੂੰ ਇੱਕ ਬਹੁਤ ਹੀ ਵਧੀਆ ਢੰਗ ਨਾਲ ਸਾਂਭਿਆ ਹੋਇਆ ਏ। ਮੈਂ ਤਹਿ ਦਿਲੋਂ ਧੰਨਵਾਦ ਕਰਦੀ ਹਾਂ। ਸ੍ਰ. ਗੁਰਮੁੱਖ ਭੁੱਲਰ ਜੀ ਦਾ ਅਤੇ ਦੀਪ ਮੰਗਲੀ ਜੀ ਅਤੇ ਕੁਲਵੰਤ ਵੀਰ ਜੀ ਦਾ ਜਿਹਨਾਂ ਨੇ ਮੇਰੇ ਇਸ ਸ਼ੌਂਕ ਨੂੰ ਪਾਠਕਾਂ ਮੂਹਰੇ ਲਿਆਉਣ ਦਾ ਉਪਰਾਲਾ ਕੀਤਾ।

ਬੜਾ ਮਾਣ ਮੈਨੂੰ ਮਾਂ ਬੋਲੀ ਏ ਪੰਜਾਬੀ ਮੇਰੀ
ਵਿਰਸਾ ਪੰਜਾਬੀ ਕਦੇ ਦਿਲੋਂ ਨਾ ਭੁਲਾਵਾਂਗੇ
ਛੱਡ ਕਿ ਪੰਜਾਬ ਭਾਵੇਂ ਲੱਖਾਂ ਮੀਲਾਂ ਦੂਰ ਬੈਠੇ
ਆਪਣਾ ਪੰਜਾਬ ਪਰ ਹੱਥੋਂ ਨਾ ਗਵਾਵਾਂਗੇ।
ਮਿਲਦਾ ਪਿਆਰ ਬੜਾ ਲਾਈਏ ਜਦੋਂ ਮਹਿਫਲਾਂ
ਸੋਹਣਾ ਜਿਹਾ ਪੰਜਾਬ ਇੱਕ ਏਥੇ ਵੀ ਵਸਾਵਾਂਗੇ।
ਹੈਲੋ ਹਾਏ ਚਲਦੀ ਏ ਭਾਵੇਂ ਇਹਨਾਂ ਲੋਕਾਂ ਵਿੱਚ
ਪਰ ਅਸੀਂ ਸਭਨਾ ਨੂੰ ਫਤਹਿ ਹੀ ਬੁਲਾਵਾਂਗੇ।
ਪਰ ਅਸੀਂ ਸਭਨਾ ਨੂੰ ਫਤਹਿ ਹੀ ਬੁਲਾਵਾਂਗੇ।

ਦੁਨੀਆਂ ਦੀ ਇਸ ਭੱਜ ਦੌੜ ਵਿੱਚ ਕੋਈ ਵਿਰਲਾ ਹੀ ਹੋਵੇਗਾ ਜੋ ਦੂਸਰਿਆਂ ਬਾਰੇ ਸੋਚਦਾ ਏ। ਨਹੀਂ ਤਾਂ ਇਨਸਾਨ ਆਪਣੇ ਕੰਮਾਂ ਕਾਰਾਂ ਵਿੱਚ ਇੰਨਾਂ ਰੁਝਿਆ ਹੋਇਆ ਏ ਕਿ ਉਸਨੂੰ ਦੂਸਰਾ ਕੋਈ ਨਜਰ ਹੀ ਨਹੀਂ ਆ ਰਿਹਾ। ਪਰ ਕੁਝ ਕੁ ਲੋਕਾਂ ਤੇ ਆ ਕੇ ਇਹ ਗੱਲ ਬਿਲਕੁਲ ਹੀ ਗਲਤ ਸਾਬਿਤ ਹੋ ਜਾਂਦੀ ਏ ਕਿ ਉਹ ਦੂਸਰਿਆਂ ਵਾਰੇ ਨਹੀਂ ਸੋਚਦੇ। ਦੁਨੀਆਂ ਵਿੱਚ ਕੁਝ ਫਰਿਸ਼ਤੇ ਅਜਿਹੇ ਵੀ ਹੁੰਦੇ ਹਨ ਜੋ ਹਮੇਸ਼ਾਂ ਦੂਸਰਿਆਂ ਦਾ ਹੀ ਭਲਾ ਸੋਚਦੇ ਹਨ। ਉਹ ਇਨਸਾਨ ਨਹੀਂ ਰੱਬ ਦਾ ਰੂਪ ਅਖਵਾਉਦੇ ਹਨ। ਕੱਲਾ ਇਨਸਾਨ ਕੁਝ ਵੀ ਨਹੀਂ ਕਰ

ਸਕਦਾ। ਲੋਕਾਂ ਦਾ ਪਿਆਰ ਅਤੇ ਉਹਨਾਂ ਦੀਆਂ ਦੁਆਵਾਂ ਹੀ ਇਨਸਾਨ ਨੂੰ ਮੰਜ਼ਿਲ ਵੱਲ ਲੈ ਕੇ ਜਾਂਦੀਆਂ ਹਨ। ਮੇਰੇ ਲਿਖਣ ਦੇ ਇਸ ਸ਼ੌਕ ਨੂੰ 'ਦੀਪ ਮੰਗਲੀ ਜੀ' ਨੇ ਇੰਨਾ ਪਿਆਰ ਮਾਣ ਅਤੇ ਸਤਿਕਾਰ ਦਿੱਤਾ ਕਿ ਮੈਂ ਜਿੰਨੇ ਵੀ ਲਫਜ਼ਾਂ ਵਿੱਚ ਲਿਖਾਂ ਉਹ ਬਹੁਤ ਘੱਟ ਹੋਵੇਗਾ। 'ਦੀਪ ਮੰਗਲੀ', ਜੀ ਦੀ ਸ਼ਾਇਰੀ ਵਿੱਚੋਂ ਪੰਜਾਬ ਦੀ ਮਿੱਟੀ ਦਾ ਮੋਹ ਝਲਕਦਾ ਹੈ। ਮੈਂ ਜਦੋਂ ਵੀ ਉਹਨਾਂ ਦੇ ਲਿਖੇ ਹੋਏ ਗੀਤ, ਗ਼ਜ਼ਲਾਂ ਅਤੇ ਨਜ਼ਮਾਂ ਨੂੰ ਪੜ੍ਹਦੀ ਹਾਂ ਤਾਂ ਉਹਨਾਂ ਨੂੰ ਪੜ੍ਹ ਕੇ ਰੂਹ ਨੂੰ ਅਜੀਬ ਜਿਹਾ ਸਕੂਨ ਮਿਲਦਾ ਹੈ। ਉਹ ਹਰ ਇੱਕ ਰਿਸ਼ਤੇ ਨੂੰ ਬਹੁਤ ਹੀ ਵਧੀਆ ਢੰਗ ਨਾਲ ਪੇਸ਼ ਕਰਦੇ ਹਨ।

'ਦੀਪ ਮੰਗਲੀ' ਜੀ ਕਿਸੇ ਪਚਿਾਨ ਦੇ ਮੁਹਤਾਜ ਨਹੀਂ ਹਨ। ਉਨ੍ਹਾਂ ਦੇ ਲਿਖੇ ਹੋਏ ਗੀਤ ਹਰ ਇੱਕ ਦੀ ਜਵਾਨ ਤੇ ਗੂੰਜਦੇ ਹਨ। ਮੇਰੇ ਲਈ ਇਹ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਮੇਰੇ ਵਰਗੀ ਨਿਮਾਣੀ ਜਿਹੀ ਸ਼ਾਇਰਾ ਨੂੰ ਉਹਨਾਂ ਨੇ ਜੋ ਮਾਣ ਸਤਿਕਾਰ ਦਿੱਤਾ ਏ, ਉਹ ਮੇਰੇ ਲਈ ਬਹੁਤ ਵੱਡੀ ਗੱਲ ਏ। ਮੈਂ ਉਹਨਾਂ ਦਾ ਬਹੁਤ ਧੰਨਵਾਦ ਕਰਦੀ ਹਾਂ ਤੇ ਮੇਰੇ ਵੱਡੇ ਵੀਰ ਸ੍ਰ. ਗੁਰਮੁੱਖ ਭੁੱਲਰ ਜੀ ਜਿਹੜੇ ਆਪਣੀ ਮਾਂ ਬੋਲੀ ਦਾ ਇੰਨਾ ਮਾਣ ਅਤੇ ਸਤਿਕਾਰ ਕਰਦੇ ਹਨ। ਕਿ ਵਿਦੇਸ਼ ਵਿਚ ਰਹਿ ਕਿ ਵੀ ਆਪਣੇ ਸਭਿਆਚਾਰ ਅਤੇ ਵਿਰਸੇ ਨੂੰ ਨਹੀਂ ਭੁੱਲੇ ਅਤੇ ਆਪਣੇ ਪੰਜਾਬੀ ਵਿਰਸੇ ਨੂੰ ਬਹੁਤ ਹੀ ਵਧੀਆ ਢੰਗ ਨਾਲ ਲੋਕਾਂ ਮੂਹਰੇ ਪੇਸ਼ ਕਰਦੇ ਹਨ। (ਜੋ ਕਿ ਸਾਡੀਆਂ ਆਉਣ ਵਾਲੀਆਂ ਪੀੜੀਆਂ ਲਈ ਇੱਕ ਚਾਨਣ-ਮੁਨਾਰਾ ਹਨ।) ਜਿੰਨਾਂ ਹਾਲਾਤਾਂ ਵਿੱਚ ਦੀਪ ਮੰਗਲੀ ਜੀ ਅਤੇ ਸ੍ਰ. ਗੁਰਮੁੱਖ ਭੁੱਲਰ ਜੀ ਨੇ ਮੇਰੀ ਮਦਦ ਕਰਕੇ ਮੇਰੇ ਇਸ ਸ਼ੌਕ ਨੂੰ ਪਾਠਕਾਂ ਮੂਹਰੇ ਲਿਆਂਦਾ ਹੈ, ਮੈਂ ਉਹਨਾਂ ਦੀ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ।

ਮੇਰੇ ਗੀਤਾਂ ਦਾ ਸਤਿਕਾਰ ਕੀਤਾ
ਸਾਨੂੰ ਬੱਚਿਆਂ ਵਾਂਗ ਤੂੰ ਪਿਆਰ ਕੀਤਾ
ਮੇਰੇ ਲਿਖੇ ਲਫ਼ਜ਼ਾਂ ਵਿੱਚ ਰੂਹ ਪਾ ਕੇ
ਕਿਸੇ ਦੁਲਹਨ ਵਾਂਗੂੰ ਤਿਆਰ ਕੀਤਾ
ਲੱਖ ਵਸਦਾ ਏ ਸੰਸਾਰ ਭਾਵੇਂ
ਹਰ ਕੋਈ 'ਮੰਗਲੀ' ਨੀ ਅਖਵਾ ਸਕਦਾ
ਤੂੰ ਲਗਦਾ ਸਾਨੂੰ ਰੱਬ ਵਰਗਾ
ਜੋ ਰਾਹ ਸਭਨਾਂ ਨੂੰ ਪਾ ਸਕਦਾ।

ਹੌਸਲਾ ਬਲੰਦ ਹੋਇਆ ਮੇਰੀ ਸੋਚ ਦਾ
ਦਿਲ ਦੀਆਂ ਰੀਝਾਂ ਲਿਖ ਦਿਲ ਲੋਚਦਾ
ਲਿਖਾਂ ਉਹਨਾਂ ਪਾਣੀਆਂ ਤੇ ਵਹਿੰਦੇ ਜਿਹੜੇ ਦੂਰਨੇ
ਛੱਡ ਆਏ ਜੀਹਨੂੰ ਹੁਣ ਦਿਲ ਕੋਸਦਾ
ਲਿਖ ਉਹ ਵੀ ਮੁਸ਼ਕਿਲ ਤਨ ਤੇ ਹੰਡਾਈ ਜਿਹੜੀ
ਸਭ ਕੁਝ ਲਿਖ ਦਿਲਾ ਕੌਣ ਰੋਕਦਾ

– ਕਮਲਪ੍ਰੀਤ ਕੌਰ ਮੱਲੀ

ਦੁਨੀਆਂ ਵਿੱਚੋਂ ਪਿਆਰ ਲੱਭਣ ਦੀ ਕੋਸ਼ਿਸ਼

ਰੋਜ਼ ਮਰਲਾ ਦੀ ਜਿੰਦਗੀ ਵਿੱਚ ਅਸੀਂ ਲੱਖਾਂ ਹੀ ਚਿਹਰਿਆਂ ਵਿੱਚੋਂ ਦੀ ਵਿਚਰਦੇ ਹਾਂ। ਪਰ ਹਰ ਇੱਕ ਦੇ ਦਿਲ ਦੀ ਗੱਲ ਨੂੰ ਸਮਝ ਪਾਉਣਾ ਬਹੁਤ ਔਖਾ ਹੁੰਦਾ ਹੈ। ਪਰ ਜੇ ਕਿਤੇ ਅਜਿਹਾ ਸ਼ਖਸ਼ ਤੁਹਾਡੀਆਂ ਨਜ਼ਰਾਂ ਮੂਹਰੇ ਆਣ ਖਲੋਵੇ ਜਿਸਦੇ ਨਾਲ ਤੁਹਾਡੀ ਸੋਚ ਮਿਲਦੀ ਹੋਵੇ ਫਿਰ ਉਹਦੇ ਵਾਰੇ ਜਾਨਣ ਲਈ ਮਨ ਹੋਰ ਵੀ ਕਾਹਲਾ ਜਿਹਾ ਪੈਣ ਲੱਗਦਾ ਹੈ। ਕਿਹਾ ਜਾਂਦਾ ਹੈ ਕਿ ਸ਼ੌਂਕ ਦਾ ਕੋਈ ਮੁੱਲ ਨਹੀਂ ਹੁੰਦਾ। ਪਰ ਜੇ ਕਿਤੇ ਇਹ ਸ਼ੌਂਕ ਦਿਲ ਵਿੱਚ ਦੱਬ ਕੇ ਰਹਿ ਜਾਵੇ ਤਾਂ ਉਹਦੇ ਵਰਗਾ ਕੋਈ ਦੁੱਖ ਵੀ ਨਹੀਂ। ਕਿਸੇ ਤਰ੍ਹਾਂ ਦੀ ਕਲਾਕਾਰੀ ਪ੍ਰਮਾਤਮਾਂ ਦੀ ਬਖਸ਼ ਹੁੰਦੀ ਹੈ। ਏਸੇ ਤਰ੍ਹਾਂ ਲਿਖਣਾ ਵੀ ਇੱਕ ਬਹੁਤ ਵੱਡੀ ਕਲਾ ਹੈ। ਜਦੋਂ ਕੋਈ ਇਹਨਾਂ ਲਫ਼ਜ਼ਾਂ ਨੂੰ ਬਹੁਤ ਹੀ ਸੋਹਣੇ ਤਰੀਕੇ ਨਾਲ ਪਰੋ ਕੇ ਕਿਸੇ ਗ਼ਜ਼ਲ, ਗੀਤ, ਨਜ਼ਮ ਜਾਂ ਫਿਰ ਕਵਿਤਾ ਦੇ ਰੂਪ ਵਿੱਚ ਪੇਸ਼ ਕਰਦਾ ਹੈ ਤਾਂ ਉਸਨੂੰ ਵਧੀਆ ਸ਼ਾਇਰ ਕਹਿਣਾ ਸੁਭਾਵਿਕ ਗੱਲ ਹੁੰਦੀ ਹੈ। ਕੁਦਰਤ ਨਾਲ ਪਿਆਰ ਕਰਨ ਵਾਲੇ ਲੋਕਾਂ ਨੂੰ ਇਸ ਦੁਨੀਆਂ ਵਿੱਚੋਂ ਕੁਝ ਨਾ ਕੁਝ ਲੱਭਣ ਦੀ ਕੋਸ਼ਿਸ਼ ਰਹਿੰਦੀ ਹੈ। ਜੋ ਕਿ ਕਲਮ ਰਾਹੀਂ ਨਜ਼ਮ ਜਾਂ ਕਵਿਤਾ ਗ਼ਜ਼ਲ ਦਾ ਰੂਪ ਧਾਰਦੀ ਹੈ। ਸ਼ਾਇਰ ਲੋਕਾਂ ਦੀ ਇੱਕ ਆਪਣੀ ਹੀ ਦੁਨੀਆ ਹੁੰਦੀ ਹੈ। ਜੋ ਕਿ ਹਰ ਇੱਕ ਰਿਸ਼ਤੇ ਨੂੰ ਅਤੇ ਦੁੱਖ ਦਰਦ ਜਾਂ ਫਿਰ ਆਪਣੇ ਮਨ ਦੇ ਭਾਵ ਨੂੰ ਸਿਰਫ ਤੇ ਸਿਰਫ ਲਫ਼ਜ਼ਾਂ ਰਾਹੀਂ ਪਰੋ ਕੇ ਹੀ ਬਿਆਨ ਕਰਦੇ ਹਨ। ਇਹਨਾਂ ਹੀ ਸ਼ਾਇਰਾਂ ਵਿੱਚੋਂ ਇੱਕ ਨਾਮ ਹੈ 'ਕਮਲਪ੍ਰੀਤ ਕੌਰ ਮੱਲੀ' ਜੋ ਕਿ ਇੱਕ ਵਧੀਆ ਸ਼ਾਇਰਾ ਹਨ। ਜਿੰਨਾ ਕਿ ਮੈਂ ਜਾਣੀਕੇ 'ਦੀਪ ਮੰਗਲੀ' ਕਮਲ ਵਾਰੇ ਜਾਣਦਾ ਹਾਂ, ਉਹ ਇੱਕ ਵਧੀਆ ਸ਼ਾਇਰਾ ਹੋਣ ਦੇ ਨਾਲ-ਨਾਲ ਇੱਕ ਵਧੀਆ ਸੁਭਾਅ ਦੀ ਮਾਲਕ ਵੀ ਹੈ। ਹਰ ਇੱਕ ਰਿਸ਼ਤੇ ਨੂੰ ਮਾਣ ਦੇਣ ਵਾਲੀ ਅਤੇ ਮਿੱਠੀ ਜ਼ੁਬਾਨ ਦੀ ਮਾਲਕ 'ਕਮਲ' ਮੈਨੂੰ ਆਪਣਾ ਗੁਰੂ ਤੇ ਵੱਡੇ ਵੀਰ ਦਾ ਮਾਣ ਦਿੰਦੀ ਹੈ। ਕਮਲ ਹਰ ਇੱਕ ਰਿਸ਼ਤੇ ਨੂੰ ਧੁਰ ਅੰਦਰੋਂ ਸਤਿਕਾਰ ਦਿੰਦੀ ਹੈ।

ਅਮਰੀਕਾ ਦੀ ਧਰਤੀ ਤੇ ਵਸ ਕੇ ਵੀ ਮੈਂ ਆਪਣੇ ਪੰਜਾਬ ਨਾਲ ਹਮੇਸ਼ਾਂ ਹੀ ਜੁੜਿਆ ਰਿਹਾ ਹਾਂ। ਮੈਨੂੰ ਜਦ ਵੀ ਕਦੇ ਪੰਜਾਬ ਜਾਣ ਦਾ ਮੌਕਾ ਮਿਲਦਾ ਹੈ ਤਾਂ ਮੈਂ ਹਮੇਸ਼ਾਂ ਉਥੇ ਜਾ ਕੇ ਉਹਨਾਂ ਲੋਕਾਂ ਵਿੱਚ ਸਿਰਫ ਇਹੀ ਗੱਲ ਦੇਖਦਾ ਹਾਂ ਕਿ ਸਾਡੇ ਪੰਜਾਬੀਆਂ ਨੇ ਆਪਣੇ ਵਿਰਸੇ ਅਤੇ ਸੱਭਿਆਚਾਰ ਨੂੰ ਕਿੰਨਾ ਕੁ ਸੰਭਾਲ ਕੇ ਰੱਖਿਆ ਹੋਇਆ ਹੈ। ਇਹ ਗੱਲ ਸੱਚ ਹੈ ਕਿ ਪੰਜਾਬ ਹੁਣ ਪਹਿਲਾਂ ਵਾਲਾ ਪੰਜਾਬ ਨਹੀਂ ਰਿਹਾ। ਪੰਜਾਬ ਵਿੱਚ ਬਹੁਤ ਕੁਝ ਬਦਲ ਚੁੱਕਾ ਹੈ। ਪਰ ਕਈ ਲੋਕ ਅਜਿਹੇ ਵੀ ਹਨ ਜਿੰਨ੍ਹਾਂ ਨੂੰ ਪੰਜਾਬ ਦੀ ਮਿੱਟੀ ਨਾਲ ਬਹੁਤ ਪਿਆਰ ਹੈ ਅਤੇ ਪੰਜਾਬ ਦੇ ਬਦਲ ਰਹੇ ਹਲਾਤਾਂ ਵਾਰੇ ਚਿੰਤਤ ਵੀ ਹਨ। ਜਿੰਨ੍ਹਾਂ ਨੂੰ ਆਪਣੀ ਮਾਂ ਬੋਲੀ ਅਤੇ ਸੱਭਿਆਚਾਰ ਨਾਲ ਬਹੁਤ ਪਿਆਰ ਹੈ। ਇਸ ਬਦਲ ਰਹੇ ਪੰਜਾਬ ਦੀ ਗੱਲ ਕਮਲ ਆਪਣੀ ਸ਼ਾਇਰੀ ਰਾਹੀਂ ਕੁਝ ਇਸ ਤਰ੍ਹਾਂ ਬਿਆਨ ਕਰਦੀ ਹੈ:-

ਅੱਜ ਰੋਵੇ ਧਰਤ ਪੰਜਾਬ ਦੀ
ਇਹਦੇ ਨੈਣੋਂ ਵਗਦਾ ਨੀਰ
ਏਥੇ ਵਾਰਿਸ ਮੁੜ ਨਾਹੀਂ ਆਵਣਾਂ

ਮੁੜ ਲਿਖਣੀ ਨਹੀਂ ਕਿਸੇ ਹੀਰ

ਪੰਜਾਬ ਦੀ ਧਰਤੀ ਵਾਰੇ ਲਿਖਿਆ ਸੱਚ ਅੱਜ ਦੇ ਸਮੇਂ ਦੇ ਮਾਹੌਲ ਨੂੰ ਪੇਸ਼ ਕਰਦਾ ਹੈ ਅਤੇ ਇਹ ਇੱਕ ਕੌੜਾ ਸੱਚ ਹੈ ਕਿ ਪੰਜਾਬ ਦੇ ਹਾਲਾਤ ਹੁਣ ਪਹਿਲਾਂ ਵਰਗੇ ਨਹੀਂ ਰਹੇ – ਨਸ਼ਿਆਂ ਵਿਚ ਧਸ ਰਿਹਾ ਪੰਜਾਬ ਇੱਕ ਕਹਾਣੀ ਬਣਦਾ ਜਾ ਰਿਹਾ ਹੈ। ਹਰ ਰੋਜ਼ ਦੀ ਹੋ ਰਹੀ ਮਾਰ ਧਾੜ ਕੁੱਖ ਵਿੱਚ ਧੀਆਂ ਨੂੰ ਕਤਲ ਕਰਨਾ ਅਤੇ ਦਾਜ ਪਿੱਛੇ ਸਾੜੀਆਂ ਜਾਂਦੀਆਂ ਲੜਕੀਆਂ ਅਤੇ ਔਰਤਾਂ ਤੇ ਹੋ ਰਹੇ ਅੱਤਿਆਚਾਰ ਵਾਰੇ ਜਦੋਂ ਅਸੀਂ ਪੜ੍ਹਦੇ ਹਾਂ ਤਾਂ ਮਨ ਬਹੁਤ ਹੀ ਦੁਖੀ ਹੁੰਦਾ ਹੈ। ਕੁਝ ਏਸੇ ਤਰ੍ਹਾਂ ਦੀ ਗੱਲ ਕਮਲ ਆਪਣੀਆਂ ਕਵਿਤਾਵਾਂ ਰਾਹੀਂ ਪੇਸ਼ ਕਰਦੀ ਹੈ। ਮੈਂ ਉਸਦੀਆਂ ਕਵਿਤਾਵਾਂ ਵਿੱਚ ਹਮੇਸ਼ਾਂ ਹੀ ਲੜਕੀਆਂ ਤੇ ਹੋ ਰਹੇ ਅੱਤਿਆਚਾਰਾਂ ਵਾਰੇ ਪੜ੍ਹਿਆ ਹੈ। ਕਲਮਪ੍ਰੀਤ ਕੌਰ ਮੱਲੀ ਸਾਡੇ ਆਪਣਿਆਂ ਵਿੱਚੋਂ ਹੀ ਹੈ। ਪਰ ਮੈਂ ਵਿਦੇਸ਼ ਦੀ ਧਰਤੀ ਤੇ ਹੋਣ ਕਾਰਨ ਉਹਨਾਂ ਨਾਲ ਕੋਈ ਖਾਸ ਪਹਿਚਾਣ ਨਹੀਂ ਬਣਾ ਸਕਿਆ ਸੀ ਪਰ ਅਚਾਨਕ ਇੱਕ ਵਾਰ ਸਬੱਬ ਨਾਲ ਮੈਨੂੰ ਉਸਦੇ ਪਿੰਡ 'ਲੀਲ੍ਹ' ਮੇਘ ਸਿੰਘ ਵਾਲੀਆ ਜਾਣ ਦਾ ਮੌਕਾ ਮਿਲਿਆ। ਉੱਥੇ ਜਾ ਕੇ ਜਦ ਮੈਂ ਉਸਦੇ ਲਿਖੇ ਗੀਤ, ਗ਼ਜ਼ਲਾਂ, ਨਜ਼ਮਾਂ, ਕਵਿਤਾਵਾਂ ਅਤੇ ਕਹਾਣੀਆਂ ਪੜ੍ਹੀਆਂ ਤਾਂ ਮੈਨੂੰ ਬਹੁਤ ਹੀ ਵਧੀਆ ਲੱਗਿਆ। ਪਰ ਮੈਂ ਹੈਰਾਨ ਸਾਂ ਕਿ ਜਦੋਂ ਉਸਨੇ ਮੈਨੂੰ ਦੱਸਿਆ ਕਿ ਵੀਰ ਜੀ ਮੈਂ ਆਪਣੇ ਇਸ ਸ਼ੌਂਕ ਨੂੰ ਸਿਰਫ ਆਪਣੇ ਤੱਕ ਹੀ ਸੀਮਿਤ ਰੱਖਿਆ ਹੋਇਆ ਸੀ। 'ਕਮਲ' ਨੂੰ ਲਿਖਦਿਆਂ ਕਈ ਵਰ੍ਹੇ ਬੀਤ ਗਏ ਹਨ। ਪਰ ਉਸਨੇ ਆਪਣੇ ਇਸ ਸ਼ੌਂਕ ਵਾਰੇ ਕਦੇ ਆਪਣੇ ਪਤੀ 'ਵਿਜੈ ਮੱਲੀ' ਕੋਲ ਵੀ ਜ਼ਿਕਰ ਨਹੀਂ ਕੀਤਾ ਸੀ। ਪਰ ਜਦੋਂ ਵਿਜੈ ਨੂੰ ਉਸਦੇ ਇਸ ਸ਼ੌਂਕ ਵਾਰੇ ਪਤਾ ਲੱਗਿਆ ਤਾਂ ਉਸਨੇ ਵੀ ਕਮਲ ਨੂੰ ਬਹੁਤ ਹੌਸਲਾ ਦਿੱਤਾ ਅਤੇ ਉਹ ਕਮਲ ਨੂੰ ਅਕਸਰ ਇਹੀ ਗੱਲ ਆਖਦਾ ਕਿ ਕਮਲ ਤੂੰ ਵਧੀਆ ਲਿਖ ਤੇ ਬਸ ਏਸੇ ਤਰ੍ਹਾਂ ਹੀ ਲਿਖਦੀ ਰਹੀਂ। ਪ੍ਰਮਾਤਮਾ ਕਿਤੇ ਨਾ ਕਿਤੇ ਤੇਰੀ ਬਾਂਹ ਜਰੂਰ ਫੜੇਗਾ। ਇਸ ਤਰ੍ਹਾਂ ਕਮਲ ਦੇ ਲਿਖਣ ਦਾ ਹੌਸਲਾ ਹੋਰ ਵੀ ਵਧ ਗਿਆ ਅਤੇ ਉਹ ਆਪਣੀ ਮਿਹਨਤ ਦੇ ਨਾਲ ਏਸੇ ਤਰ੍ਹਾਂ ਹੀ ਲਿਖਦੀ ਰਹੀ ਅਤੇ ਉਹ ਜੋ ਕੁਝ ਵੀ ਲਿਖਦੀ ਹੈ, ਧੁਰ ਅੰਦਰੋਂ ਲਿਖਦੀ ਹੈ। ਮੈਂ ਉਸਦੀਆਂ ਨਜ਼ਮਾਂ ਨੂੰ ਅਕਸਰ ਪੜ੍ਹਦਾ ਰਹਿੰਦਾ ਹਾਂ ਜਿੰਨ੍ਹਾਂ ਵਿੱਚ ਇੱਕ ਦਰਦ ਛੁਪਿਆ ਹੋਇਆ ਹੈ। ਜਦੋਂ ਮੈਂ ਉਸਨੂੰ ਪੁੱਛਿਆ ਕਿ ਕਮਲ ਤੁਸੀਂ ਇੰਨਾ ਕੁਝ ਲਖਿਆ ਹੈ, ਕੀ ਕਦੇ ਆਪਣੇ ਲਿਖਣ ਦੇ ਇਸ ਸ਼ੌਂਕ ਨੂੰ ਲੋਕਾਂ ਮੂਹਰੇ ਲਿਆਉਣ ਵਾਰੇ ਨਹੀਂ ਸੋਚਿਆ। ਤਾਂ ਉਸਨੇ ਮੈਨੂੰ ਕਿਹਾ ਕਿ ਵੀਰ ਜੀ ਗਰੀਬ ਦੇ ਸੁਪਨੇ ਕਦੇ ਵੀ ਸੱਚ ਨਹੀਂ ਹੁੰਦੇ। ਕਮਲ ਵਿੱਚ ਮੈਂ ਅਕਸਰ ਇੱਕ ਗੱਲ ਵੇਖੀ ਹੈ ਕਿ ਉਹ ਨੈਗੇਟਿਵ ਬਹੁਤ ਸੋਚਦੀ ਹੈ। ਪਰ ਮੈਨੂੰ ਉਸਨੂੰ ਕਿਹਾ ਕਿ ਦੇਖ ਕਮਲ ਪਹਿਲਾਂ ਤਾਂ ਤੂੰ ਆਪਣੀ ਸੋਚ ਬਦਲ, ਕੋਈ ਵੀ ਇਨਸਾਨ ਛੋਟਾ ਜਾਂ ਵੱਡਾ ਨਹੀਂ ਹੁੰਦਾ। ਅਗਰ ਇਨਸਾਨ ਦੀ ਸੋਚ ਵੱਡੀ ਹੈ ਤਾਂ ਉਹ ਆਪਣੀ ਮੰਜਿਲ 'ਤੇ ਇੱਕ ਨਾ ਇੱਕ ਦਿਨ ਜ਼ਰੂਰ ਪਹੁੰਚਦਾ ਹੈ।

ਕਮਲ ਦੀ ਇੱਕ ਖਾਸੀਅਤ ਇਹ ਵੀ ਹੈ ਕਿ ਉਹ ਗੀਤ, ਨਜ਼ਮਾਂ ਅਤੇ ਕਵਿਤਾਵਾਂ ਦੇ ਨਾਲ-ਨਾਲ ਕਹਾਣੀਆਂ ਵੀ ਬਹੁਤ ਵਧੀਆ ਲਿਖਦੀ ਹੈ। ਜਿੰਨਾਂ ਵਿੱਚ ਹਮੇਸ਼ਾਂ ਔਰਤ ਤੇ ਹੋ ਰਹੇ ਅੱਤਿਆਚਾਰਾਂ ਬਾਰੇ ਹੀ ਜਿਕਰ ਹੁੰਦਾ ਹੈ। ਇੰਨੀ ਵੱਡੀ ਕਲਾ ਹੋਣ ਦੇ ਬਾਵਜੂਦ ਵੀ ਉਹ ਆਪਣੇ ਆਪ ਨੂੰ ਹਮੇਸ਼ਾਂ ਹੀ ਮਾਯੂਸ਼ ਹੀ ਸਮਝਦੀ ਹੈ। ਮੈਂ ਹਮੇਸ਼ਾਂ ਹੀ ਉਸਨੂੰ ਲਿਖਣ ਲਈ

ਉਤਸਾਹਿਤ ਕੀਤਾ ਹੈ। ਜਦੋਂ ਮੈਂ ਕਮਲ ਵਾਰੇ ਆਪਣੇ ਵੱਡੇ ਵੀਰ ਸ. ਗੁਰਮੁੱਖ ਭੁੱਲਰ ਜੀ ਜੋ ਕਿ ਪੰਜਾਬੀ ਸਾਹਿਤ ਨਾਲ ਬਹੁਤ ਪਿਆਰ ਕਰਦੇ ਹਨ, ਹੋਰਾਂ ਨਾਲ ਗੱਲ ਕੀਤੀ ਤਾਂ ਉਹਨਾਂ ਨੇ ਮੈਨੂੰ ਕਿਹਾ ਕਿ ਅਗਰ ਕਮਲ ਨੂੰ ਲਿਖਣ ਦਾ ਸ਼ੌਂਕ ਹੈ ਤਾਂ ਉਨ੍ਹਾਂ ਨੂੰ ਕਹੋ ਕਿ ਆਪਣੀਆਂ ਕੁਝ ਨਜ਼ਮਾਂ ਮੈਨੂੰ ਪੜ੍ਹ ਕੇ ਸੁਣਾਉਣ ਫਿਰ ਜਦੋਂ ਮੈਂ ਕਮਲ ਕੋਲ ਗੱਲ ਕੀਤੀ ਤਾਂ ਉਸਨੇ ਆਪਣੀਆਂ ਨਜ਼ਮਾਂ ਸ. ਗੁਰਮੁੱਖ ਭੁੱਲਰ ਜੀ ਨੂੰ ਪੜ੍ਹ ਕੇ ਸੁਣਾਈਆਂ ਜੋ ਕਿ ਉਹਨਾਂ ਨੂੰ ਬਹੁਤ ਹੀ ਪਸੰਦ ਆਈਆਂ ਅਤੇ ਕਿਹਾ ਕਿ ਮੰਗਲੀ ਜੀ ਤੁਸੀਂ ਕਮਲ ਨੂੰ ਕਹੋ ਕਿ ਆਪਣੀਆਂ ਲਿਖੀਆਂ ਹੋਈਆਂ ਨਜ਼ਮਾਂ ਤੇ ਕਵਿਤਾਵਾਂ ਦਾ ਇੱਕ ਖਰੜਾ ਤਿਆਰ ਕਰੇ ਤਾਂ ਕਿ ਆਪਾਂ ਉਸਦੀ ਇੱਕ ਕਿਤਾਬ ਛਪਵਾ ਸਕੀਏ। ਜਦੋਂ ਮੈਂ ਕਮਲ ਕੋਲ ਗੱਲ ਕੀਤੀ ਤਾਂ ਉਹ ਬਹੁਤ ਖੁਸ਼ ਹੋਈ ਪਰ ਮਨ ਵਿੱਚ ਹਮੇਸ਼ਾਂ ਇੱਕ ਡਰ ਜਿਹਾ ਰੱਖਦੀ ਕਿ ਵੀਰ ਜੀ ਅਸੀਂ ਪਿੰਡਾਂ ਦੇ ਲੋਕ ਹਾਂ, ਸ਼ਾਇਦ ਮੇਰੇ ਲਿਖਣ ਦੇ ਇਸ ਸ਼ੌਂਕ ਨੂੰ ਕਿਸੇ ਤਰ੍ਹਾਂ ਦੀ ਕੋਈ ਰੋਕ ਨਾ ਲੱਗੇ। ਪਰ ਜਦ ਮੈਂ ਉਸਨੂੰ ਸਮਝਾਇਆ ਕਿ ਕਮਲ ਤੁਸੀਂ ਆਪਣੀਆਂ ਕਵਿਤਾਵਾਂ ਵਿਚ ਔਰਤ ਨੂੰ ਮਜਬੂਤ ਹੋਣ ਦੀ ਗੱਲ ਅਕਸਰ ਹੀ ਕਰਦੇ ਹੋ। ਪਰ ਤੁਸੀਂ ਖੁਦ ਇੰਨੇ ਮਾਯੂਸ਼ ਕਿਉਂ ਹੋ ਜਾਂਦੇ ਹੋ। ਤੁਸੀਂ ਫਿਕਰ ਨਾ ਕਰੋ ਜਿੰਨੀ ਹੋ ਸਕੀ ਅਸੀਂ ਤੁਹਾਡੀ ਮੱਦਦ ਜਰੂਰ ਕਰਾਂਗੇ। ਮੈਂ ਖੁਸ਼ ਸਾਂ ਕਿ ਕਮਲ ਨੇ ਆਪਣੇ ਕੰਮ ਨੂੰ ਪੂਰੀ ਮਿਹਨਤ ਅਤੇ ਲਗਨ ਨਾਲ ਕੀਤਾ ਹੈ। ਉਸਦੀਆਂ ਲਿਖੀਆਂ ਹੋਈਆਂ ਨਜ਼ਮਾਂ, ਕਹਾਣੀਆਂ ਅਮਰੀਕਾ ਵਿੱਚ ਛਪ ਰਹੇ ਪੰਜਾਬੀ ਅਖਬਾਰ 'ਆਪਣਾ ਪੰਜਾਬ' ਵਿਚ ਅਕਸਰ ਛਪਦੀਆਂ ਰਹਿੰਦੀਆਂ ਹਨ। ਕਮਲ ਨੂੰ ਆਪਣੀ ਕਲਮ ਨਾਲ ਬਹੁਤ ਪਿਆਰ ਹੈ। ਉਹ ਅਕਸਰ ਹੀ ਆਪਣੀ ਕਲਮ ਨਾਲ ਆਪਣੇ ਮਨ ਦੀਆਂ ਗੱਲਾਂ ਕਰਦੀ ਰਹਿੰਦੀ ਹੈ।

ਕਮਲ ਦੀ ਲਿਖੀ ਸ਼ਾਇਰੀ ਵਿੱਚ ਕੁਝ ਅਜਿਹੀ ਖਿੱਚ ਹੈ ਕਿ ਜੋ ਉਸਦੀ ਮਨ ਦੀ ਉਦਾਸੀ ਨੂੰ ਹੋਰ ਵੀ ਉਦਾਸ ਕਰਦੀ ਹੈ। ਉਸਨੂੰ ਆਪਣੀ ਸ਼ਾਇਰੀ ਨਾਲ ਪਿਆਰ ਉਮਰਾਂ-ਉਮਰਾਂ ਤੱਕ ਹੈ। ਉਸਦਾ ਮਨ ਇੱਕ ਬੱਚੇ ਵਾਂਗ ਹੈ। ਜੋ ਕਿ ਦੂਸਰੇ ਦੇ ਦੁੱਖ ਦਰਦ ਨੂੰ ਨਹੀਂ ਸਹਿ ਸਕਦਾ। ਉਸਦੇ ਮਨ ਵਿਚ ਕਿਸੇ ਵੀ ਤਰ੍ਹਾਂ ਦਾ ਕੋਈ ਭੇਦਭਾਵ ਨਹੀਂ ਹੈ। ਉਹ ਹਮੇਸ਼ਾਂ ਹੀ ਇਸ ਦੁਨੀਆਂ ਵਿੱਚੋਂ ਪਿਆਰ ਲੱਭਣ ਦੀ ਕੋਸ਼ਿਸ਼ ਕਰਦੀ ਹੈ। ਦੁਨੀਆਂ ਵਿੱਚ ਅਜਿਹੇ ਲੋਕ ਬਹੁਤ ਘੱਟ ਹੁੰਦੇ ਹਨ ਜੋ ਦੂਸਰੇ ਦੇ ਦੁੱਖ ਦਰਦ ਨੂੰ ਸਮਝਦੇ ਹਨ। ਅਖੀਰ ਵਿਚ ਮੈਂ ਇਹੀ ਕਹਾਂਗਾ ਕਿ ਇੱਕ ਚੰਗੀ ਸੋਚ ਨੂੰ ਪ੍ਰਮਾਤਮਾ ਹਮੇਸ਼ਾ ਹੀ ਪ੍ਰਵਾਨ ਕਰਦਾ ਹੈ। ਮੈਂ ਆਸ ਕਰਦਾ ਹਾਂ ਕਿ 'ਕਮਲ' ਆਪਣੇ ਲਿਖਣ ਦੇ ਇਸ ਸ਼ੌਂਕ ਨੂੰ ਇਸੇ ਤਰ੍ਹਾਂ ਬਰਕਰਾਰ ਰੱਖੇਗੀ।

– ਦੀਪ ਮੰਗਲੀ, ਅਮਰੀਕਾ

ਦੰਗੇ

ਸਿਰ ਸੀ ਝੁਕਾਉਂਦੇ ਜਿਹੜੇ ਆ ਕੇ ਉਹਦੇ ਦਰ ਉਤੇ
ਅੱਜ ਉਹਨਾਂ ਵੰਡੀਆਂ ਪਵਾਈਆਂ ਗੁਰੂ ਘਰ ਉੱਤੇ।
ਪਤਾ ਨੀ ਇਹ ਵੈਰ ਕੈਸਾ ਮਨਾਂ ਵਿੱਚ ਰੱਖਦੇ
ਆ ਕੇ ਉਸੇ ਦਰ ਉੱਤੇ ਸੌਂਹਾਂ ਪਏ ਚੁੱਕਦੇ।
ਦੰਗੇ ਕਾਹਤੋਂ ਹੁੰਦੇ ਕਾਹਤੋਂ ਹੋਣ ਏ ਲੜਾਈਆਂ ਬਈ
ਲੜ-ਲੜ ਦੇਖੋ ਸਿਰੋਂ ਪੱਗਾਂ ਵੀ ਲੁਹਾਈਆਂ ਬਈ।
ਸ਼ਾਨ ਜਿਹੜੀ ਖਾਲਸੇ ਦੀ ਪਗੜੀ ਸੀ ਜਾਨ ਸਾਡੀ
ਅੱਜ ਦੇਖੋ ਸ਼ਾਨਾਂ ਇਹੋ ਪੈਰਾਂ 'ਚ ਰੁਲਾਈਆਂ ਬਈ।
ਮਨਾਂ 'ਚ ਨਾ ਵੈਰ ਰੱਖੋ ਗੁਰੂ ਸਾਡੇ ਕਹਿ ਗਏ
ਗੁਰੂ ਦੇ ਸਜਾਏ ਸਿੰਘ ਆਪੋ ਵਿੱਚ ਹੀ ਖਹਿ ਪਏ।
ਦੱਸੋ ਇਹਨਾਂ ਲੋਕਾਂ ਨੂੰ ਕੌਣ ਸਮਝਾਵੇ ਬਈ
ਗੁਰੂ ਘਰ ਸਾਂਝਾ ਕੌਣ ਗੱਲ ਖਾਨੇ ਪਾਏ ਬਈ।
ਸੋਚ ਨੀ ਵਿਚਾਰਦੇ, ਇਹ ਧੜੇ ਕਾਹਤੋਂ ਬਣੇ ਨੇ
ਚੁੱਕੀਆਂ ਨੇ ਡਾਂਗਾਂ ਕ੍ਰਿਪਾਨਾਂ ਖੜੀ ਤਾਣੇ ਨੇ।
ਪਿਤਾ ਇੱਕ ਉਹ ਸੀ ਜਿਹੜਾ ਖਾਲਸਾ ਸਜਾ ਗਿਆ,
ਪਰ ਅੱਜ ਦੇਖੋ ਲੋਕੋ ਸਮਾਂ ਕੈਸਾ ਆ ਗਿਆ।
ਆਪਣਾ ਹੀ ਭਾਈਚਾਰਾ ਖੂਨ ਦਾ ਪਿਆਸਾ ਏ
ਕਹਿੰਦੇ ਅੱਜ ਕਰਕੇ ਹੀ ਜਾਣਾ ਇੱਕ ਪਾਸਾ ਏ।
ਜਿਹੜੇ ਦਰ ਉੱਤੇ ਅਸੀਂ ਭਲਾ ਰਹਿੰਦੇ ਮੰਗਦੇ ਹਾਂ
ਅੱਜ ਉੱਥੇ ਹੁੰਦੇ ਦੰਗੇ ਦੇਖ- ਦੇਖ ਲੰਘਦੇ ਹਾਂ।
ਬੜਾ ਹੋਇਆ ਦੁਖੀ ਮਨ ਉਸ ਵੇਲੇ ਮਾਲਕਾ
ਇਹ ਤਾਂ ਮੇਰੇ ਬਾਜ਼ਾਂ ਵਾਲੇ ਦਾ ਨੀਂ ਉਹੋ ਖਾਲਸਾ
ਕਿੰਝ ਸਮਝਾਵਾਂ ਅੱਜ ਦਿਲ ਰੋਈ ਜਾਂਦਾ ਏ
'ਕਮਲ' ਇਹ ਖੂਨ ਕਾਹਤੋਂ ਚਿੱਟਾ ਹੋਈ ਜਾਂਦਾ ਏ।
ਕਮਲ ਇਹ ਖੂਨ ਕਾਹਤੋਂ ਚਿੱਟਾ ਹੋਈ ਜਾਂਦਾ ਏ।

00

ਔਰਤ

ਕੀ ਨੀ ਕਰ ਸਕਦੀ ਹੁਣ ਔਰਤ
ਤੋੜ ਦਊ ਜੰਜੀਰਾਂ ਨੂੰ
ਪੈਰ ਦੀ ਜੁੱਤੀ ਕਹਿਣ ਵਾਲਿਓ
ਰੋਵੋਗੇ ਅਖੀਰਾਂ ਨੂੰ
ਜਨਮ ਦਿੱਤਾ ਜਿਹਨੇ ਗੁਰੂਆਂ ਪੀਰਾਂ
ਕਿਉਂ ਉਹਨੂੰ ਮਜ਼ਬੂਰ ਕੀਤਾ
ਹੱਸਕੇ ਸਹਿੰਦੀ ਜ਼ੁਲਮ ਸੀ ਸਭ ਦੇ
ਸਭ ਨੇ ਹੀ ਰਲ ਖੂਨ ਪੀਤਾ
ਫਰਕ ਧੀਆਂ ਨਾ ਰੱਖਣ ਵਾਲਿਓ
ਧੀ ਤਾਂ ਸਿਰ ਦਾ ਤਾਜ ਹੁੰਦੀ
ਬਣੂ ਕਲਪਨਾ ਇਹ ਤਾਂ ਇੱਕ ਦਿਨ
ਹੁਣ ਨੀ ਥੋਡੇ ਦੁੱਖ ਸਹਿੰਦੀ
ਬਾਬੇ ਨਾਨਕ ਦੀ ਬਾਣੀ ਨੇ
ਔਰਤ ਨੂੰ ਸਤਿਕਾਰ ਦਿੱਤਾ
ਪਰ ਜੀਹਨੇ ਥੋਡਾ ਕੁਲ ਚਲਾਉਣਾ
ਤੁਸੀਂ ਉਹਨੂੰ ਹੀ ਮਾਰ ਦਿੱਤਾ
ਸੋਚੋ ਕੁਝ ਤਾਂ ਅਕਲ ਕਰੋ ਹੁਣ
ਧੀਆਂ ਦਾ ਸਤਿਕਾਰ ਕਰੋ
ਜਿਵੇਂ ਪੁੱਤਾਂ ਨੂੰ ਲਾਡ ਲਡਾਵੋਂ
ਧੀ ਦੇ ਨਾਲ ਵੀ ਪਿਆਰ ਕਰੋ
ਮੈਂ ਵੀ ਤਾਂ ਇੱਕ ਧੀ ਹਾਂ ਲੋਕੋ
ਲਿਖ ਕੇ ਮੈਂ ਸਮਝਾਊਂਗੀ
ਕੀ ਨੀ ਕਰ ਸਕਦੀ ਹੁਣ ਔਰਤ
ਸਭ ਨੂੰ ਇਹ ਦਿਖਾਊਂਗੀ
'ਕਮਲ' ਰੱਖੀ ਬਸ ਉੱਚੀਆਂ ਸੋਚਾਂ
ਨਵਾਂ ਸਮਾਜ ਬਣਾਊਂਗੀ
ਇੱਕ ਨਵਾਂ ਸਮਾਜ ਬਣਾਊਂਗੀ।

00

ਫਰਿਆਦ

ਅੱਜ ਰੋਵੇ ਧਰਤ ਪੰਜਾਬ ਦੀ
ਇਹਦੇ ਨੈਣੋਂ ਵਗਦਾ ਨੀਰ
ਏਥੇ ਵਾਰਿਸ ਮੁੜ ਨਹੀਂ ਆਵਣਾਂ
ਅਤੇ ਲਿਖਣੀ ਨਹੀਂ ਕਿਸੇ ਹੀਰ
ਕਿਉਂ ਸਾਂਝ ਦਿਲਾਂ ਦੀ ਟੁੱਟ ਗਈ
ਕਿਉਂ ਖਿਚਤੀ ਵਿੱਚ ਲਕੀਰ
ਵਿੱਚ ਨਸ਼ਿਆਂ ਗੱਭਰੂ ਡੁੱਬ ਗਏ
ਕਿਸੇ ਸਾਂਭੀ ਨਹੀਂ ਜਾਗੀਰ
ਇੱਥੇ ਪੱਗਾਂ ਨਹੀਂ ਹੁਣ ਵਟਦੀਆਂ
ਕੋਈ ਬਣਦਾ ਨਹੀਂ ਹੁਣ ਵੀਰ
ਇੱਥੇ ਲੱਖਾਂ ਆਸ਼ਕ ਜੰਮਦੇ
ਜਿਹੜੇ ਲੱਭਦੇ ਨਿੱਤ ਨਵੀਂ ਹੀਰ
ਅੱਜ ਰੋਵੇ ਧਰਤ ਪੰਜਾਬ ਦੀ
ਇਹਦੇ ਨੈਣੋਂ ਵਗਦਾ ਨੀਰ
ਮੇਰੇ ਮਾਲਕ ਸੱਚੇ ਪਾਤਸ਼ਾਹ
ਇਹ ਕੀ ਕਲਯੁਗ ਦਾ ਨ੍ਹੇਰ
ਇੱਥੇ ਧੀ ਜੰਮਦੀ ਨੂੰ ਮਾਰਦੇ
ਇਹ ਜੱਗ ਚੱਲੂ ਕਿੰਝ ਫੇਰ
ਮੇਰੇ ਜੱਗ ਦਿਆ ਸਾਈਆਂ ਰੱਖ ਲੈ
ਤੂੰ ਇਹ ਬੋਹੜਾਂ ਦੀ ਛਾਂ
ਹੁਣ ਪੁੱਤ ਕਪੁੱਤ ਕਿਉਂ ਹੋ ਰਹੇ
ਕਿਉਂ ਰੋਂਦੀ ਐ ਹਰ ਮਾਂ
ਕਿਉਂ ਮੁੜ ਨੀ ਜੰਮਦੇ ਸੂਰਮੇਂ
ਜਿਹੜੇ ਗਏ ਸ਼ਹੀਦੀਆਂ ਪਾ
ਕਿਉਂ ਖੋਟ ਦਿਲਾਂ ਵਿੱਚ ਪੈ ਗਈ
ਬੰਦਾ ਵਿਕਦਾ ਏ ਹਰ ਥਾਂ
ਮੈਂ ਮੁੜ ਕੇ ਫੇਰ ਹਾਂ ਆਖਦੀ
ਮੇਰੀ ਸੁਣ ਰੱਬਾ ਫਰਿਆਦ
ਇੱਕ ਵਾਰੀ ਮੁੜ ਕੇ ਫੇਰ ਤੋਂ
ਮੈਂ ਕਰਾਂ ਵਾਰਿਸ ਨੂੰ ਯਾਦ
ਲਿਖ 'ਕਮਲ' ਵੀ ਸੋਚੀਂ ਪੈ ਗਈ

ਏਹਦੀ ਕੈਸੀ ਐ ਤਕਦੀਰ
ਅੱਜ ਰੋਵੇ ਧਰਤ ਪੰਜਾਬ ਦੀ
ਇਹਦੇ ਨੈਣੋਂ ਵਗਦਾ ਨੀਰ।

00

ਮੇਰੀ ਕਲਮ

ਮੈਂ ਕੁਝ ਲਿਖਦੀ ਹਾਂ ਜਦੋਂ
ਕਲਮ ਇਹ ਰੋ ਕੇ ਕਹਿੰਦੀ
ਸੁੱਤਾ ਇਸ਼ਕ ਜਗਾਈਂ ਨਾ ਤੂੰ
ਹੁਣ ਪੀੜ ਨਾ ਮੈਥੋਂ ਸਹਿੰਦੀ
ਮੈਂ ਕਿਹਾ, ਤੂੰ ਤਾਂ ਹੈ ਲਿਖਣਾ
ਪਰ ਮੈਂ ਹੈ ਦਿਲ ਵਿਚ ਰੱਖਿਆ
ਗੁੱਜੇ ਭੇਦ ਨਾ ਰਹਿੰਦੇ ਏਥੇ
ਜਾਂਦਾ ਸਪ ਕੁਝ ਦੱਸਿਆ।
ਤੇਰੇ ਵਰਗੀ ਮੈਂ ਨੀ ਹੈਗੀ
ਕਿ ਸਿਆਹੀ ਨਾਲ ਮੁੱਕ ਜਾਵਾਂ
ਮੈਂ ਵੂਹ ਟਾਹਣੀ ਵਰਗੀ ਵੀ ਨੀ
ਕਿ ਬੁੱਲੇ ਨਾਲ ਝੁੱਕ ਜਾਵਾਂ
ਜੋ ਹੁੰਦੇ ਨੇ ਰੂਹ ਦੇ ਸਾਥੀ
ਦਿਲ ਵਿੱਚ ਥਾਂ ਬਣਾਉਂਦੇ
ਜੇ ਦੱਸ ਜਾਂਦੇ ਜਾਣ ਲੱਗੇ ਉਹ
ਖਤ ਸੱਜਣਾਂ ਦੇ ਨਾ ਪਾਉਂਦੇ
ਹੁਣ ਜਾਦੀ ਵਾਰੀ ਲਖਿ ਦੇਵਾਂ
ਆਪਣੀ ਇਹ ਕਹਾਣੀ
ਕਦੇ ਤਾਂ ਕਿਸੇ ਹੱਥ ਲੱਗੂ
ਕੋਈ ਪੜ੍ਹ ਲਊ ਕਥਾ ਪੁਰਾਣੀ
ਭੇਦ ਸਾਰੇ ਮੈਂ ਦਿਲ ਵਿੱਚ ਲੈਕੇ
ਕਿੰਝ ਦੁਨੀਆਂ ਤੋਂ ਜਾਵਾਂ
ਰਹਿਜੂ ਰੂਹ ਤੜਫਦੀ ਮੇਰੀ
ਫੇਰ ਨਾ ਮੁੜ ਕੇ ਆਵਾਂ
ਉਹਨੂੰ ਕੁਝ ਮੈਂ ਦੱਸ ਤਾਂ ਦੇਵਾਂ
ਕਿੱਥੇ ਯਾਦਾਂ ਰੱਖੀਆਂ
ਤਰਸੂ ਨੀਲੇ ਨੈਣਾਂ ਨੂੰ ਫਿਰ
ਬੰਦ ਜਦ ਹੋਣੀਆਂ ਅੱਖੀਆਂ
ਆ ਕੇ ਸੁਣ ਲਵੇ ਉਹ ਜੇ ਮੇਰੀ
ਮਿੰਨਤ ਨੀ ਤੇਰੀ ਕਰਦੀ
ਲਿਖਦੀ ਨਾ ਕੋਈ ਪੰਨਾ ਬਹਿਕੇ

ਨਾ ਕਲਮ 'ਚੋਂ ਸਿਆਹੀ ਭਰਦੀ
ਕੁਝ ਪਲ ਰੱਖੇ ਸਾਂਭ 'ਕਮਲ' ਨੇ
ਨਾਮ ਮੈਂ ਉਹਦੇ ਕਰਜਾਂ
ਮੂੰਹ ਵਿੱਚ ਪਾਣੀ ਪਾ ਦੇਵੇ ਉਹ
ਫਿਰ ਮੈਂ ਚਾਹੇ ਮਰਜਾਂ
ਸੱਜਣਾ ਫੇਰ ਮੈਂ ਚਾਹੇ ਮਰਜਾਂ।
00

ਕਲਾ

ਕਲਮ ਨੂੰ ਹਥਿਆਰ ਬਣਾ ਕੇ
ਦੁੱਖਾਂ ਨੂੰ ਪਰਿਵਾਰ ਬਣਾ ਕੇ
ਮੰਜਿਲ ਵੱਲ ਫਿਰ ਵਧਦੇ ਜਾਣਾ
ਸੋਚ ਨੂੰ ਰੁਜਗਾਰ ਬਣਾ ਕੇ
ਲਿਖਣਾ ਵੀ ਇੱਕ 'ਕਲਾ' ਹੁੰਦੀ ਹੈ
ਛੱਡਾਂਗੀ ਮੈਂ ਪੂਰੀਆਂ ਪਾ ਕੇ
ਕਿਸਮਤ ਅਗਰ ਜੇ ਸਾਥ ਦੇ ਗਈ
ਰੀਝਾਂ ਸਾਰੀਆਂ ਕੋਲ ਬਿਠਾ ਕੇ
ਪੁੱਛਾਂਗੀ ਮੈਂ ਫਿਰ ਉਹਨਾਂ ਨੂੰ
ਮਿਲਿਆ ਕੀ ਮੈਨੂੰ ਤੜਫਾ ਕੇ
ਪੈਸੇ ਨਾਲ ਨਹੀਂ ਮਿਲਦੀਆਂ ਖੁਸ਼ੀਆਂ
ਉਹ ਵੀ ਦੇਖ ਲਿਆ ਖੂਬ ਕਮਾ ਕੇ
ਮੇਰੇ ਤਾਂ ਬਸ ਦੁੱਖ ਨੇ ਆਪਣੇ
ਲਿਖਣੇ ਨੇ ਜੋ ਗੀਤ ਬਣਾ ਕੇ
ਵਾਅਦਾ ਕਰਕੇ ਛੱਡ ਨਾ ਜਾਈਂ
ਆਖਿਆ ਸੀ ਸੁਪਨੇ ਵਿੱਚ ਜਾ ਕੇ
ਪਰ ਸੱਜਣ ਸੁਪਨੇ ਦੇ ਵਰਗੇ
ਦਿਨ ਚੜ੍ਹਦੇ ਨੂੰ ਗਏ ਰੁਆ ਕੇ
ਦੋ ਪਲ ਦੀਆਂ ਮਨਾਈਆਂ ਖੁਸ਼ੀਆਂ
ਸਾਰੀ ਉਮਰ ਦਾ ਰੋਣਾ ਪਾ ਕੇ
'ਕਮਲ' ਕਲਮ ਹੀ ਤੇਰੀ ਰੂਹ ਦੀ ਸਾਥੀ
ਰੱਖੀਂ ਇਹਦੇ ਨਾਲ ਨਿਭਾ ਕੇ
ਬਸ ਰੱਖੀਂ ਇਹਦੇ ਨਾਲ ਨਿਭਾ ਕੇ।
00

ਇਹ ਦੂਰੀਆਂ

ਮਿਟ ਜਾਵਣ ਏ ਫਾਸਲੇ ਇਹ ਦੂਰੀਆਂ
ਹੋ ਜਾਵਣ ਏਹ ਰੀਝਾਂ ਕਿਧਰੇ ਪੂਰੀਆਂ
ਫਿਰ ਦੇਖਾਂ ਉਹਦੀ ਨਜ਼ਰ ਕੀ ਹੈ ਕਹਿ ਰਹੀ
ਜੋ ਦੇਖ ਕੇ ਵੱਟਦੀ ਹੈ ਮੈਨੂੰ ਘੂਰੀਆਂ
ਮਿਟ ਜਾਵਣ ਏ ਫਾਸਲੇ ਇਹ ਦੂਰੀਆਂ

ਇੱਕ ਲਫਜ਼ ਉਹਨੂੰ ਮੈਂ ਕਹਾਂ
ਉਹਦਾ ਹੁੰਗਾਰਾ ਭਰ ਦੇਵੇ
ਇਹ ਜ਼ਿੰਦਗੀ ਦਾ ਖਾਤਾ ਬਸ
ਹੁਣ ਨਾਮ ਸਾਡੇ ਕਰ ਦੇਵੇ
ਬਸ ਖਾ ਲਵੇ ਉਹ ਬੈਠ ਕੇ
ਹੱਥੀਂ ਇਹ ਮਿੱਠੀਆਂ ਚੂਰੀਆਂ
ਮਿਟ ਜਾਵਣ ਏ ਫਾਸਲੇ, ਇਹ ਦੂਰੀਆਂ

ਉਹਦੇ ਆਉਣ ਦੀ ਉਡੀਕ ਤੇ
ਮੇਰੀ ਧੜਕਨ ਕਾਹਤੋਂ ਵਧ ਰਹੀ
ਮੇਰੀ ਰੂਹ ਕਿਉਂ ਉਹਦੇ ਵਾਸਤੇ
ਕਿਸੇ ਦੁਲਹਨ ਵਾਂਗੂੰ ਸਜ ਰਹੀ
ਹੁਣ ਮਿਲਣ ਨੂੰ ਉਹਦੇ ਲਈ
ਕਿਉਂ ਉੱਠਦੀਆਂ ਨੇ ਲੂਰੀਆਂ
ਮਿਟ ਜਾਵਣ ਏ ਫਾਸਲੇ ਏ ਦੂਰੀਆਂ
'ਕਮਲ' ਹੋ ਜਾਵਣ ਜੇ ਰੀਝਾਂ ਕਿਧਰੇ ਪੂਰੀਆਂ
00

ਵਾਂਗ ਫਕੀਰਾਂ

ਅੱਜ ਵਾਂਗ ਫਕੀਰਾਂ ਦਰ ਉਹਦੇ ਤੇ ਆਏ ਆ
ਉਹ ਖੈਰ ਝੋਲੀ ਵਿੱਚ ਪਾਵੇ- ਆਸ ਲਿਆਏ ਆ
ਉਹਦਾ ਹੋ ਜਾਵੇ ਦੀਦਾਰ ਮੈਂ ਉਹਨੂੰ ਦੇਖ ਲਵਾਂ
ਇਹ ਨੈਣ ਜੋ ਵਰਿਆਂ ਤੋਂ ਮੇਰੇ ਤਰਹਾਏ ਆ
ਅਸੀਂ ਵਾਂਗ ਫਕੀਰਾਂ ਦਰ ਉਹਦੇ ਤੇ ਆਏ ਆ
ਜਿਹਦੇ ਇਸ਼ਕ 'ਚੋਂ ਜੋਗ ਕਮਾਏ ਕੰਨੀ ਮੁੰਦਰਾਂ ਪਾਈਆਂ ਨੇ
ਅੱਜ ਫੇਰ ਉਹਦੀਆਂ ਯਾਦਾਂ ਸਾਨੂੰ ਮੋੜ ਲਿਆਈਆਂ ਨੇ
ਉਹ ਬੋਲੇ ਤੇ ਚੁੱਪ ਤੋੜੇ ਮੈਨੂੰ ਆਖੇ ਕੁਝ
ਜੀਹਦੇ ਕਰਕੇ ਦੁਨੀਆਂ ਉਤੇ ਜੋਗ ਕਮਾਏਆ
ਅਸੀਂ ਵਾਂਗ ਫਕੀਰਾਂ ਦਰ ਉਹਦੇ ਤੇ ਆਏ ਆਂ
ਕਈ ਸਾਲ ਤਪੱਸਿਆ ਕੀਤੀ, ਅੱਜ ਮਨ ਡੋਲ ਗਿਆ
ਜਦੋਂ ਝਾਂਜਰ ਛਣਕੀ ਉਹਦੀ-ਇਸ਼ਕ ਏ ਬੋਲ ਪਿਆ
ਸਾਰੀ ਉਮਰ ਬਹਿ ਜੀਹਦੀ ਖਾਤਿਰ ਰੱਬ ਮਨਾਏ ਆਂ
ਅੱਜ ਵਾਂਗ ਫਕੀਰਾਂ ਦਰ ਉਹਦੇ ਤੇ ਆਏ ਆਂ
ਅੱਜ ਵਾਂਗ ਫਕੀਰਾਂ ਦਰ ਉਹਦੇ ਤੇ ਆਏ ਆਂ।

00

ਮੇਰੀ ਦੁਨੀਆਂ

ਮੇਰੀ ਦੁਨੀਆ ਏ ਵੀਰਾਨ ਜਿਹੀ
ਹੈ ਖੁਦ ਤੋਂ ਹੀ ਅਣਜਾਨ ਜਿਹੀ
ਕਿਸੇ ਤਪਦੇ ਮਾਰੂਥਲ ਵਰਗੀ
ਕਿਸੇ ਹਨੇਰੀ ਅਤੇ ਤੂਫਾਨ ਜਿਹੀ
ਮੇਰੀ ਦੁਨੀਆ ਏ ਵੀਰਾਨ ਜਿਹੀ
ਕਿਸੇਸੁੱਕੇ ਹੋਏ ਰੁੱਖ ਵਰਗੀ
ਕਿਤੇ ਬਿਰਹੋਂ ਵਰਗੇ ਦੁੱਖ ਵਰਗੀ
ਕਿਤੇ ਹੋਈ ਲੰਮੀ ਵਾਟ ਜਿਹੀ
ਕਿਤੇ ਕੋਲੇ ਦੀ ਏ ਖਾਨ ਜਿਹੀ
ਮੇਰੀ ਦੁਨੀਆ ਏ ਵੀਰਾਨ ਜਿਹੀ
ਕਿਤੇ ਡੁੰਘੇ ਉਸ ਝਨਾਂ ਵਰਗੀ
ਕਿਤੇ ਕੀਤੇ ਹੋਏ ਗੁਨਾਹ ਵਰਗੀ
ਕਿਤੇ ਮੌਤ ਤੋਂ ਭੈੜੇ ਦੁੱਖ ਵਰਗੀ
ਕਿਤੇ ਕੱਪੋਂ ਹੋਲੀ ਕੁੱਖ ਵਰਗੀ
ਬਸ ਦੁੱਖਾਂ ਦੀ ਪਹਿਚਾਨ ਜਿਹੀ
ਮੇਰੀ ਦੁਨੀਆ ਏ ਵੀਰਾਨ ਜਿਹੀ
ਕਿਸੇ ਟਾਹਣੀਉ ਟੁੱਟੇ ਫੁੱਲ ਵਰਗੀ
ਕਿਸੇ ਦੀਵੇ ਹੋਏ ਗੁੱਲ ਵਰਗੀ
ਕਿਤੇ ਹੱਥੋਂ ਕਿਰਦੀ ਰੇਤ ਜਿਹੀ
ਕਿਤੇ ਬੰਜਰ ਹੋਏ ਖੇਤ ਜਿਹੀ
ਕਿਤੇ ਚੰਦਰੇ ਉਸ ਸੰਮਸ਼ਾਨ ਜਿਹੀ
ਮੇਰੀ ਦੁਨੀਆ ਏ ਵੀਰਾਨ ਜਿਹੀ
ਮੇਰੀ ਦੁਨੀਆ ਏ ਵੀਰਾਨ ਜਿਹੀ।

00

ਆਖਰੀ ਮਕਾਨ

ਬੰਦ ਗਲੀ ਦਾ ਆਖਰੀ ਮਕਾਨ ਹਾਂ ਮੈਂ
ਖੁਦ ਨੂੰ ਭੁੱਲ ਕੇ ਉਸਦੀ ਪਹਿਚਾਣ ਹਾਂ ਮੈਂ
ਜਮੀਨ ਅਤੇ ਆਸਮਾਨ ਜਿਹੀਆਂ ਦੂਰੀਆਂ
ਉਸ ਬੇਵਫਾ ਦੀ ਫਿਰ ਵੀ ਜਿੰਦ-ਜਾਨ ਹਾਂ ਮੈਂ
ਬੰਦ ਗਲੀ ਦਾ ਆਖਰੀ ਮਕਾਨ ਹਾਂ ਮੈਂ
ਕੋਈ ਲਫਜ ਨਹੀਂ ਮਿਲਦਾ ਜਿਸਦੀ ਤਾਰੀਫ ਨੂੰ
ਉਸ ਰੂਹ ਦਾ ਹੋਇਆ ਲਗਦਾ ਨੁਕਸਾਨ ਹਾਂ ਮੈਂ
ਇੱਕ ਨਦੀ ਹਾਂ ਜਿਸਦੇ ਕਿਨਾਰੇ ਦੂਰ ਨੇ
ਪਰ ਛੱਲਾਂ ਵਰਗਾ ਕੋਈ ਅਹਿਸਾਨ ਹਾਂ ਮੈਂ
ਬੰਦ ਗਲੀ ਦਾ ਆਖਰੀ ਮਕਾਨ ਹਾਂ ਮੈਂ
ਇੱਕ ਵਕਤ ਹਾਂ ਜੋ ਬੀਤਿਆ ਸਮੇਂ ਦੇ ਨਾ ਹੈ
ਯਾਦ ਉਹਦੀ ਦਾ ਕੋਈ ਅਰਮਾਨ ਹਾਂ ਮੈਂ
ਜਿੰਦਗੀ ਦੇ ਵਰਕੇ ਤੇ ਕੋਈ ਲਿਖਿਆ ਗੀਤ ਹਾਂ
ਪਰ ਗੀਤ ਦੇ ਮੁੱਖੜੇ ਤੋਂ ਹੀ ਅਣਜਾਣ ਹਾਂ ਮੈਂ
ਬੰਦ ਗਲੀ ਦਾ ਆਖਰੀ ਮਕਾਨ ਹਾਂ ਮੈਂ
'ਕਮਲ' ਬੰਦ ਗਲੀ ਦਾ ਆਖਰੀ ਮਕਾਨ ਹਾਂ ਮੈਂ।

00

ਵਕਤ ਦੇ ਵਹਿਣ

ਰੁਕ ਜਾਵੇ ਜੇ ਮੇਰੇ ਲਈ ਵਕਤ ਹੋਰ ਕੁਝ ਕੁ ਪਲ
ਦੇਖਲਾ ਮੈਂ ਪਿੱਛੇ ਮੁੜਕੇ ਬੀਤਿਆ ਹੋਇਆ ਉਹ ਕੱਲ
ਜੀਹਦੇ ਵਿੱਚ ਮੇਰੇ ਸਾਰੇ ਸੁਪਨੇ, ਰੀਝਾਂ ਕਿਧਰੇ ਖੋ ਗਈਆਂ
ਲੈ ਗਈ ਕਿਉਂ ਰੋੜ ਕੇ ਅਤੀਤ ਦੀ ਭੈੜੀ ਉਹ ਛੱਲ
ਚੇਤੇ ਐ ਮੈਨੂੰ ਨਹਿਰ ਦੇ ਕਿਨਾਰੇ ਜਿਹੜਾ ਬੋਹੜ ਸੀ
ਮੈਨੂੰ ਉਹ ਵੀ ਨਹੀਉ ਭੁੱਲਦਾ ਕਦੇ, ਜੀਹਦੇ ਮੇਰੇ ਦਿਲ ਨੂੰ ਲੋੜ ਸੀ
ਮੈਂ ਪਾਣੀ ਦੀ ਉਸ ਲਹਿਰ 'ਚੋਂ ਲੱਭਦੀ ਹਾਂ ਆਪਣੇ ਆਪ ਨੂੰ
ਅੱਜ ਹੰਝੂਆਂ ਦੇ ਨਾਲ ਧੋ ਰਹੀ-ਕਈ ਜਨਮਾਂ ਦੇ ਪਾਪ ਨੂੰ
ਅੱਜ ਰੂਹ ਹੈ ਮੇਰੀ ਤੜਫਦੀ, ਕਿਉਂ ਸੁੱਕ ਗਿਆ ਉਹ ਰੁੱਖ ਸੀ
ਭਲਾ ਇਹਦੇ ਅੰਦਰ ਕਿਹੜਾ ਮੇਰੇ ਵਰਗਾ ਲੁੱਕਿਆ ਦੁੱਖ ਸੀ।
ਅੱਜ ਵਕਤ ਨੇ ਕਿਉਂ ਮੈਨੂੰ ਇਹਨਾਂ ਰਾਹਾਂ ਉਤੇ ਪਾ ਦਿੱਤਾ
ਜੀਹਨੂੰ ਦਿਲ 'ਚੋਂ ਕੱਢਣਾ ਚਾਅ ਰਹੀ- ਉਹ ਯਾਦ ਫਿਰ ਕਰਾ ਦਿੱਤਾ
ਇੱਕ ਵਕਤ ਸੀ ਜਦ ਮਿਲੇ ਸੀ, ਉਹਦੇ ਤੇ ਮੇਰੇ ਨੈਣ ਏ
ਪਰ ਇਹ ਵਕਤ ਕਿਹੋ ਜਿਹਾ-ਕੈਸੇ ਨੇ ਵਕਤ ਦੇ ਵਹਿਣ ਏ
ਲੈ ਗਈ ਏ ਕਿਧਰੇ ਰੋੜ ਕੇ- ਸਮੇਂ ਦੀ ਉਹ ਛੱਲ ਸੀ
ਅਜੇ ਤਾਂ ਸਾਡੀ ਪੂਰੀ ਨਾ ਹੋਈ ਇਸ਼ਕ ਵਾਲੀ ਗੱਲ ਸੀ
ਕਿਤੇ ਦਿਸ ਜਾਵੇ ਇਸ ਲਹਿਰ 'ਚੋਂ, ਉਹਦਾ ਪ੍ਰਛਾਵਾਂ ਲੱਭ ਜੇ
ਮਿਹਰਬਾਨ ਹੋ ਜਾਵੇ ਪਹਿਲਾਂ ਵਾਂਗੂੰ ਹੁਣ ਹੁਣ ਰੱਬ ਜੇ
ਮੈਂ ਨਜਰਾਂ ਭਰ ਕੇ ਦੇਖਲਾ-ਮੇਰੇ ਦਿਲ ਦੀ ਉਸ ਸੋਗਾਤ ਨੂੰ
ਜੀਹਦੇ ਲਈ ਰਹੇ ਜਾਗਦੇ ਨਾ ਸੁੱਤੇ ਸੀ ਕਦੇ ਰਾਹ ਨੂੰ
ਪਰ ਲਗਦਾ ਕਿਧਰੇ ਖੋ ਗਈ ਮੇਰੀ ਰੂਹ ਤੋਂ ਭਟਕੀ ਆਤਮਾ
ਕਿਉਂ ਕਰ ਦਿੱਤਾ ਏ ਤੂੰ ਰੱਬਾ ਹੁਣ ਦੋ ਦਿਲਾਂ ਦਾ ਖਾਤਮਾ
ਇਹ ਗੇੜ ਕੈਸਾ ਵਕਤ ਦਾ ਮੁੱਕਦਾ ਨਾ ਜੋ ਦਿਨ ਰਾਤ ਏ
ਕਿਉਂ ਜਗਦੇ ਦੀਵੇ ਦੀ ਮੱਧਮ ਹੋ ਰਹੀ ਏ ਲਾਟ ਏ
ਚੱਲ ਛੱਡ ਮਨਾਂ ਤੂੰ ਰਹਿਣ ਦੇ- ਨਾ ਵਕਤ ਮੁੜਕੇ ਆਂਵਦੇ
ਨਾ ਚੇਤੇ ਆਉਂਦਾ ਉਹ ਸਾਨੂੰ, ਨਾ ਅਸੀਂ ਦੁੱਢ ਸੁਣਾਂਵਦੇ
ਸੱਤ ਜਨਮਾਂ ਵਾਲੀ ਪਿਆਸ ਏ, ਬਸ ਪਿਆਸੇ ਅਸੀਂ ਰਹਿ ਗਏ
ਇਹ ਵਕਤ ਦੇ ਸੀ ਵਹਿਣ ਜੋ- ਵਕਤ ਨਾਲ ਹੀ ਵਹਿ ਗਏ
ਨਾ 'ਕਮਲ' ਹੋ ਉਦਾਸ ਤੂੰ- ਉਹਦੀ ਯਾਦ ਤੇਰੇ ਕੋਲ ਐ
ਸੱਤ ਜਨਮਾਂ ਵਾਲੇ ਸਾਥ ਦੇ ਪੁਗਾਉਣੇ ਅਜੇ ਬੋਲ ਐ
ਸੱਤ ਜਨਮਾਂ ਵਾਲੇ ਸਾਥ ਦੇ ਪੁਗਾਉਣੇ ਅਜੇ ਬੋਲ ਐ

ਸੋਚ ਪਿੱਛੇ ਜਾ ਰਹੀ

ਦੇਖੋ ਇਸ ਸਮਾਜ ਵਿਚ ਏ ਕੀ ਹੈ ਲੋਕੋ ਹੋ ਰਿਹਾ
ਹਰ ਕੋਈ ਆਪਣੇ ਝੂਠ ਨੂੰ ਕਿੱਦਾਂ ਹੈ ਲਕੋ ਰਿਹਾ
ਝੂਠ ਤੇ ਪਰਦਾ ਪਾਉਣ ਲਈ- ਕਾਢ ਨਵੀਂ ਕੱਢਦੇ
ਪਰ ਸੱਚ ਦੇ ਪਹਿਰੇਦਾਰਾਂ ਦਾ ਖਹਿੜਾ ਨਹੀਉ ਛੱਡਦੇ
ਤਾਹੀਂ ਤਾਂ ਬੰਦਾ ਆਪਣੀ ਅਜਾਦੀ ਅੱਜ ਖੋ ਰਿਹਾ
ਦੇਖੋ ਇਸ ਸਮਾਜ ਵਿਚ ਇਹ ਕੀ ਹੈ ਲੋਕੋ ਹੋ ਰਿਹਾ
ਹੈ ਫਤਿਹ ਉਸਦੀ ਹੋ ਰਹੀ- ਜੋ ਜਹਿਰ ਦਿਲ ਵਿਚ ਭਰ ਰਿਹਾ
ਇਨਸਾਨ ਦੇ ਹੱਥੋਂ ਹੀ ਇਨਸਾਨ ਕਾਹਤੋਂ ਮਰ ਰਿਹਾ
ਹੱਥੀਂ ਕਰਕੇ ਕਤਲ ਏ- ਫਿਰ ਲੋਕਾਂ ਵਿਚ ਬਹਿ ਰੋ ਰਿਹਾ
ਦੇਖੋ ਇਸ ਸਮਾਜ ਵਿੱਚ ਇਹ ਕੀ ਹੈ ਲੋਕੋ ਹੋ ਰਿਹਾ
ਯੁੱਗ ਰਿਹਾ ਏ ਬੀਤ ਏ- ਹੈ ਸੋਚ ਪਿੱਛੇ ਜਾ ਰਹੀ
ਅੱਜ ਕੱਲ ਤਾਂ ਬਾੜ ਹੀ ਹੈ ਖੇਤ ਨੂੰ ਬਸ ਖਾ ਰਹੀ
ਪਹਿਲਾਂ ਵਾਲਾ ਲੋਕਾਂ ਵਿਚ ਕਾਹਤੋਂ ਨੀ ਹੁਣ ਮੋਹ ਰਿਹਾ
ਦੇਖੋ ਇਸ ਸਮਾਜ ਵਿਚ ਇਹ ਕੀ ਹੈ ਲੋਕੋ ਹੋ ਰਿਹਾ
ਇਸ ਵਧਦੇ ਭ੍ਰਿਸ਼ਟਾਚਾਰ ਨੂੰ- ਤੁਸੀਂ ਹੋਰ ਇੰਝ ਵਧਾਉ ਨਾ
ਹੈ 'ਕਮਲ' ਬੋਨੂੰ ਆਖਦੀ- ਮਨਾਂ 'ਚੋਂ ਵੈਰ ਪਾਉ ਨਾ
ਇਹ ਚੰਗੀ ਨਹੀਂ ਗੱਲ ਕਿ ਵਿਰਸਾ ਹੈ ਹੱਥੋਂ ਖੋ ਰਿਹਾ
ਦੇਖੋ ਇਸ ਸਮਾਜ ਵਿਚ ਇਹ ਕੀ ਹੈ ਲੋਕੋ ਹੋ ਰਿਹਾ
ਦੇਖੋ ਇਸ ਸਮਾਜ ਵਿਚ ਇਹ ਕੀ ਹੈ ਲੋਕੋ ਹੋ ਰਿਹਾ।

00

ਮੇਰੀ ਸੋਚ

ਮੈਂ ਕਿਸਮਤ ਦੇ ਨਾਲ ਬਸ ਏਦਾਂ ਹੀ ਲੜਦੀ ਰਹਾਂਗੀ
ਮੈਂ ਭੁੱਖ ਤੇ ਲਾਚਾਰ ਦੀ ਸਦਾ ਬਾਂਹ ਫੜਦੀ ਰਹਾਂਗੀ
ਜੇ ਹੌਸਲਾ ਹੋਵੇ ਬੁਲੰਦ ਤਾਂ ਤਕਦੀਰ ਬਦਲ ਜਾਂਦੀ ਏ
ਹਰ ਪੌੜੀ ਮੰਜਿਲ ਦੀ ਮੈਂ ਤਾਂ ਚੜਦੀ ਰਹਾਂਗੀ
ਬਸ ਸੋਚ ਚੰਗੀ ਰੱਖ ਕੇ- ਮੰਜਿਲ ਦੇ ਨੇੜੇ ਹੋ ਰਹੀ
ਮੈਂ ਸੱਚ ਨੂੰ ਹੀ ਲਿਖ ਰਹੀ- ਨਾ ਝੂਠ ਨੂੰ ਲਕੋ ਰਹੀ
ਮੈਂ ਨਵਾਂ ਯੁੱਗ ਬਣਾਉਣ ਦੀ ਕੋਈ ਯੁਕਤ ਘੜਦੀ ਰਹਾਂਗੀ
ਮੈਂ ਕਿਸਮਤ ਦੇ ਨਾਲ ਬਸ ਏਦਾਂ ਹੀ ਲੜਦੀ ਰਹਾਂਗੀ
ਮੈਂ ਔਰਤ ਹਾਂ ਤੇ ਔਰਤ ਕਦੇ ਕਮਜੋਰ ਤਾਂ ਹੁੰਦੀ ਨਹੀਂ
ਮੈਂ ਬਣਕੇ ਝਾਂਸੀ ਵਾਂਗਰਾਂ ਬਸ ਫਤਿਹ ਕਰਦੀ ਰਏਗੀ
ਮੈਂ ਆਪਣੀ ਇਸ ਸੋਚ ਤੇ ਪਹਿਰਾ ਰਹੂੰ ਸਦਾ ਰੱਖਦੀ
ਤੇ ਸੋਚ ਦਾ ਇੱਕ ਇੰਕ ਤਾਰਾ ਅੰਬਰ ਤੇ ਜੜਦੀ ਰਹਾਂਗੀ
ਕੋਈ ਆਪਣਿਆਂ ਦਾ ਸਾਥ ਨੀ-ਪਰ ਫਿਰ ਵੀ ਕੱਲੀ ਨਹੀਂ ਹਾਂ ਮੈਂ
ਮੈਂ ਆਪਣੀ ਨਵੀ ਸੋਚ ਦੇ ਲਿਖ ਵਰਕੇ ਪੜ੍ਹਦੀ ਰਹਾਂਗੀ
ਲਿਖ ਨਾਮ ਆਪਣਾ ਚੰਨ 'ਤੇ ਦੁਨੀਆਂ ਨੂੰ ਦਿਖਾ ਦੇਵਾਂ
ਖੁਦ ਚੰਨ ਉਤੇ ਜਾਣ ਦੀ ਮੈਂ ਯੁਕਤ ਘੜਦੀ ਰਹਾਂਗੀ
ਬਸ 'ਕੋਮਲ' ਦੀ ਏਸ ਸੋਚ ਨੂੰ ਰੱਬਾ ਤੂੰ ਫਲ ਲਾ ਦੇਵੀਂ
ਮੈਂ ਮੰਜਿਲ ਤੇ ਜਾਣਾ ਹੈ ਬਸ ਮੈਨੂੰ ਮੰਜਿਲ ਤੂੰ ਦਿਖਾ ਦੇਵੀਂ
ਮੈਨੂੰ ਮੰਜਿਲ ਤੂੰ ਦਿਖਾ ਦੇਵੀਂ

00

ਖੁਸ਼ੀ

ਅੱਜ ਖੁਸ਼ੀ ਨੇ ਮੇਰੇ ਵਿਹੜੇ ਰੌਣਕ ਲਾਈ ਏ
ਪਰ ਹੈ ਚੰਦਰੀ ਬੜੇ ਵਰਿਆਂ ਮਗਰੋਂ ਆਈ ਐ
ਦੱਸ ਕਿੱਥੇ ਮੈਂ ਲੁਕਾਵਾਂ ਮਨ ਦਿਆਂ ਚਾਵਾਂ ਨੂੰ
ਜਿੰਨ੍ਹਾਂ ਸਾਂਝ ਦਿਲਾਂ ਦੀ ਮੁੜ ਕੇ ਫੇਰ ਜਗਾਈ ਐ
ਪਹਿਲਾਂ ਪੁੱਛਲਾਂ ਦਿਲ ਦੀਆਂ ਗੱਲਾਂ ਸੱਜਣ ਭੁੱਲਜੇ ਨਾ
ਜੀਹਨੂੰ ਵਰਿਆ ਮਗਰੋਂ ਯਾਦ ਸਾਡੀ ਅੱਜ ਆਈ ਐ
ਕਿੰਝ ਦੱਸਾਂ ਕਿੰਨਾ ਰੋਏ ਉਹਦੇ ਜਾਣ ਪਿੱਛੋਂ
ਕਿੱਦਾਂ ਰੁੱਤ ਬਿਰਹੋਂ ਦੀ ਕੱਲਿਆ ਬੈਠ ਲੰਗਾਈ ਐ
ਚੁੱਪ ਟੁੱਟਜੇ ਇਹਨਾਂ ਬੁੱਲਾਂ ਦੀ ਉਹ ਬੋਲ ਪਵੇ
ਜੀਹਦੇ ਬੋਲ ਸੁਣਨ ਲਈ ਰੂਹ ਮੇਰੀ ਤਰਾਹਈ ਐ
ਜੀਅਕਰਦਾ ਰੱਜ ਕੇ ਗੱਲਾਂ ਕਰਲਾ ਪਿਆਰ ਦੀਆਂ
ਪਰ ਸੱਜਣ ਕੈਸਾ ਬੇਦਰਦੀ ਹਰਜਾਈ ਐ
ਉਹਦੇ ਆਉਣ ਨਾਲ ਤਾਂ ਰੌਣਕ ਵਿਹੜੇ ਆਈ ਸੀ
ਪਰ ਲਗਦਾ ਉਹਦੇ ਲਈ ਹੁਣ 'ਪ੍ਰੀਤ' ਪਰਾਈ ਐ
ਕਿਉਂ ਸੁਪਨੇ ਦੇਖੇ ਬਹਿਕੇ ਇਹਨਾਂ ਚਾਵਾਂ ਦੇ
ਕਿਉਂ 'ਕਮਲ' ਤੈ ਐਵੇਂ ਝੂਠੀ ਆਸ ਲਗਾਈ ਐ
ਇਹ ਸੁਪਨਾ ਸੀ ਜੋ ਅੱਜ ਤੂੰ ਬੈਠੀ ਦੇਖ ਰਹੀ
ਅੱਖ ਖੁੱਲ੍ਹੀ ਤਾਂ ਪਤਾ ਲੱਗਜੂ ਇਹ ਸਚਾਈ ਏ
ਕਦੇ ਸੁਪਨਾ ਨਾ ਦੇਖੀ ਫਿਰ ਦਿਲ ਲਾਉਣ ਵਾਲਾ
ਇਹਨਾਂ ਸੁਪਨਿਆਂ ਹੀ ਤਾਂ ਤੇਰੀ ਜਿੰਦ ਤੜਫਾਈ ਐਂ
ਇਹਨਾਂ ਸੁਪਨਿਆਂ ਹੀ ਤਾਂ ਤੇਰੀ ਜਿੰਦ ਤੜਫਾਈ ਐ।

00

ਮੇਰੀ ਅਰਦਾਸ

ਸੱਚਾ ਮਾਲਕ ਮੇਰਾ- ਕਾਰਜ ਆਪ ਸੁਹੇਲੇ ਏ
ਦੁਨੀਆਂ ਉਤੇ ਲਗਦੇ ਰਹਿਣ ਖੁਸ਼ ਦੇ ਮੇਲੇ ਏ
ਹਰ ਘਰ ਖੁਸ਼ੀਆਂ ਹੋਵਣ- ਮਨ ਖੁਸ਼ੀਆਂ ਵਿਚ ਖੇਲੇ ਏ
ਦੁਨੀਆਂ ਉਤੇ ਲਗਦੇ ਰਹਿਣ ਖੁਸ਼ੀ ਦੇ ਮੇਲੇ ਏ-
ਕਰੇ ਸਲਾਮਾਂ ਹਰ ਕੋਈ-ਸੋਹਣੇ ਸੂਰਜ ਨੂੰ
ਹਰ ਕੋਈ ਦੇਖੇ ਏਥੇ ਸੋਹਣਾ ਦਿਨ ਚੜਦਾ
ਅੰਮ੍ਰਿਤ ਬਾਣੀ ਸੁਣੀਏ- ਬਹਿਕੇ ਅਮ੍ਰਿਤ ਵੇਲੇ ਏ
ਦੁਨੀਆਂ ਉਤੇ ਲਗਦੇ ਰਹਿਣ ਖੁਸ਼ੀ ਦੇ ਮੇਲੇ ਏ-
ਭੁੱਖ ਨਾ ਕੋਈ ਦੇਖੇ- ਨਾ ਕੋਈ ਹੋਵੇ ਗਰੀਬੀ ਏ
ਮਾਲਕ ਦੋ ਵੇਲੇ ਦੀ ਰੋਟੀ- ਲਿਖੇ ਨਸੀਬੀ ਏ
ਹੱਕ ਦੀ ਖਾ ਕੇ ਸ਼ੁਕਰ ਕਰਾਂ ਮੈਂ ਦੋਵੇਂ ਵੇਲੇ ਏ
ਦੁਨੀਆਂ ਉਤੇ ਲਗਦੇ ਰਹਿਣ ਖੁਸ਼ੀ ਦੇ ਮੇਲੇ ਏ-
ਮਾਲਕ ਵਸਦਾ ਧਰਤੀ ਦੇ ਕਣ-ਕਣ ਦੇ ਅੰਦਰ ਏ
ਉਸ ਮਾਲਕ ਦਾ ਘਰ ਤਾਂ ਤੇਰੇ ਮਨ ਦਾ ਮੰਦਰ ਏ
ਪਤਾ ਨੀ ਕਿਹੜੇ ਰੰਗੀ ਵਸਦਾ ਕਿਥੇ ਖੇਲੇ ਏ
ਦੁਨੀਆਂ ਉਤੇ ਲਗਦੇ ਰਹਿਣ ਖੁਸ਼ੀ ਦੇ ਮੇਲੇ ਏ-
ਰੰਗੀ ਵਸਦੀ ਵੇਖੀ ਰੱਬਾ ਦੁਨੀਆਂ ਸਾਰੀ ਨੂੰ
ਫੁੱਲਾਂ ਵਾਂਗ ਸਜਾ ਦੇ ਰੱਬਾ ਏਸ ਕਿਆਰੀ ਨੂੰ
ਪਾਣੀ ਪਾ ਅਮ੍ਰਿਤ ਦਾ ਇਹਨੂੰ ਦੋਵੇ ਵੇਲੇ ਏ
ਦੁਨੀਆਂ ਉਤੇ ਲਗਦੇ ਰਹਿਣ ਖੁਸ਼ੀ ਦੇ ਮੇਲੇ ਏ-
'ਕਮਲ' ਕਦੇ ਨਾ ਮਾੜੇ-ਆਪਾਂ ਕਰੀਏ ਕਰਮ ਏਥੇ
ਰਹਿਕੇ ਇਸ ਦੁਨੀਆਂ ਤੇ- ਨਾ ਇੰਝ ਵੰਡੀਏ ਧਰਮ ਏਥੇ
ਰੰਗ ਖੂਨ ਦਾ ਇੱਕੋ ਫਿਰ ਕਿਉਂ ਪਏ ਝੁਮੇਲੇ ਏ
ਦੁਨੀਆਂ ਉਤੇ ਲਗਦੇ ਰਹਿਣ ਖੁਸ਼ੀ ਦੇ ਮੇਲੇ ਏ-
ਦੁਨੀਆਂ ਉਤੇ ਲਗਦੇ ਰਹਿਣ ਖੁਸ਼ੀ ਦੇ ਮੇਲੇ ਏ-

00

ਕਮਲ

ਅਪਣੇ ਆਪ 'ਚ ਰਹਿਣਾ ਤੇਰਾ ਚੰਗਾ ਲਗਦਾ ਏ
ਮਤਲਵ ਦਾ ਬਸ ਕਹਿਣਾ ਤੇਰਾ ਚੰਗਾ ਲੱਗਦਾ ਏ
ਵੱਖਰੀ ਕਾਹਤੋਂ ਲਗਦੀ ਏ ਤੂੰ ਦੁਨੀਆਦਾਰੀ ਤੋਂ
ਨਿੱਤਨੇਮ ਵਿਚ ਰਹਿਣਾ ਤੇਰਾ ਚੰਗਾ ਲੱਗਦਾ ਏ

ਸਹੁਰਿਆਂ ਦੇ ਘਰ ਆਈ ਬਣ ਕੇ ਹੀਰ ਸਲੇਟੀ ਸੀ
ਪਰ ਹੁਣ ਸਾਦੇ ਜਿਹੇ ਰਹਿਣਾ ਤੇਰਾ ਚੰਗਾ ਲਗਦਾ ਏ
ਖੜਦੀ ਨਾ ਬਿਨ ਮਤਲਬ ਤੋਂ ਬੂਹੇ ਮੂਹਰੇ ਨੀ
ਪਰ ਸਭ ਨੂੰ ਜੀ-ਜੀ ਕਹਿਣਾ ਤੇਰਾ ਚੰਗਾ ਲਗਦਾ ਏ

ਮਿੱਠਾ ਸਭ ਨੂੰ ਬੋਲੇ ਕਰਦੀ ਪਿਆਰ ਬਥੇਰਾ ਨੀ
ਆਕੜ ਵਿੱਚ ਨਾ ਰਹਿਣਾ ਤੇਰਾ ਚੰਗਾ ਲੱਗਦਾ ਏ
ਨਾ ਕਿਸੇ ਦੀ ਸੁਣਦੀ-ਨਾ ਕੁਝ ਬਹਿ ਕੇ ਕਹਿੰਦੀ ਨੀ
ਨਾ ਚੁਗਲਾਂ ਵਿਚ ਬਹਿਣਾ-ਤੇਰਾ ਚੰਗਾ ਲੱਗਦਾ ਏ

ਹੱਥਾਂ ਦੀ ਸਚਿਆਰੀ ਜਾਣੇ ਕੰਮ ਤੂੰ ਸਾਰੇ ਨੀ
ਫੁੱਲ ਹੱਥੀਂ ਆਪ ਬਣਾਉਣਾ ਤੇਰਾ ਚੰਗਾ ਲੱਗਦਾ ਏ
ਕਦੇ-ਕਦੇ ਤੂੰ ਲਗਦੀ ਸੋਹਣੀਆਂ ਰੁੱਤਾਂ ਵਰਗੀ ਨੀ
ਪਰ ਰੁੱਤਾਂ ਨੂੰ ਰਸ਼ਨਾਉਣਾ ਤੇਰਾ ਚੰਗਾ ਲੱਗਦਾ ਏ।

ਦੇਖੇ ਕੁਦਰਤ ਜਿਹੇ ਨਜਾਰੇ ਤੇਰੇ ਵਿੱਚ ਅੜੀਏ
ਖੁਦ ਫੁੱਲਾਂ ਜਿਹੇ ਰਹਿਣਾ-ਤੇਰਾ ਚੰਗਾ ਲੱਗਦਾ ਏ
ਜੀਅ ਕਰਦਾ ਏ ਦੇਖੀ ਜਾਵਾਂ ਤੈਨੂੰ ਬਹਿਕੇ ਨੀ
ਸਾਡੇ ਸੁਪਨੇ ਦੇ ਵਿੱਚ ਆਉਣਾ ਤੇਰਾ ਚੰਗਾ ਲਗਦਾ ਏ

ਕਦੇ-ਕਦੇ ਮੈਂ ਸੋਚਾਂ ਕਾਹਤੋਂ ਕੱਲੀ ਰਹਿਨੀ ਏ
ਹਰ ਗ਼ਮ ਨੂੰ ਸੀਨੇ ਲਾਉਣਾ ਤੇਰਾ ਚੰਗਾ ਲੱਗਦਾ ਏ
ਦੇਖਿਆ ਬਹੁਤੀ ਵਾਰੀ ਤੇਰੇ ਨੈਣਾਂ ਵਿੱਚੋਂ ਮੈਂ
ਦੁੱਖ ਨਜਰਾਂ ਵਿੱਚ ਲਕੋਣਾ ਤੇਰਾ ਚੰਗਾ ਲੱਗਦਾ ਏ

ਕੀ-ਕੀ ਆਖਾਂ ਤੇਰੇ ਵਾਰੇ ਤੈਨੂੰ ਮੈਂ ਅੜੀਏ
ਹਰ ਇੱਕ ਫਰਜ਼ ਨਿਭਾਉਣਾ ਤੇਰਾ ਚੰਗਾ ਲੱਗਦਾ ਏ
ਕਿਸਮਤ ਵਾਲੇ ਹੁੰਦੇ ਜਿਸਨੂੰ ਤੇਰੇ ਜਿਹੀ ਮਿਲਦੀ
ਲਿਖ ਕਿਸਮਤ ਆਪ ਬਣਾਉਣਾ ਤੇਰਾ ਚੰਗਾ ਲੱਗਦਾ ਏ

ਦਸਦੀ ਨੀ ਰਾਮ ਰੱਖੇ ਕਿਹੜੇ ਸੀਨੇ ਵਿਚ ਅੜੀਏ
ਪਰ ਰੁੱਸੇ ਯਾਰ ਮਨਾਉਣਾ- ਤੇਰਾ ਚੰਗਾ ਲੱਗਦਾ ਏ
ਸਮਝ ਨੀ ਆਉਂਦੀ ਮੈਨੂੰ ਨੀ ਇਹ ਜਿੰਦਗੀ ਕੈਸੀ ਏ
ਹਰ ਰਿਸ਼ਤਾ ਖੂਬ ਨਿਭਾਉਣਾ, ਤੇਰਾ ਚੰਗਾ ਲੱਗਦਾ ਏ।

ਕਲਾ

ਦੁੱਖ ਨੂੰ ਹੱਸ ਕੇ ਜ਼ਰਨਾਂ ਵੀ ਇੱਕ ਕਲਾ ਹੁੰਦੀ ਹੈ
ਪੈਰ ਕੰਡਿਆਂ ਉਤੇ ਧਰਨਾ- ਵੀ ਇੱਕ ਕਲਾ ਹੁੰਦੀ ਹੈ
ਆਪਣੇ ਲਈ ਜਿਉਂਦਾ ਹਰ ਇਨਸਾਨ ਏਥੇ
ਪਰ ਦੂਜਿਆਂ ਲੀ ਮਰਨਾ- ਵੀ ਇੱਕ ਕਲਾ ਹੁੰਦੀ ਹੈ
ਹੱਸਦਿਆਂ ਦੇ ਨਾਲ ਹੱਸਦੇ ਸਾਰੇ ਲੋਕ ਦੇਖੋ
ਪਰ ਰੋਦਿਆਂ ਨਾਲ ਖੜਨਾ ਵੀ ਇੱਕ ਕਲਾ ਹੁੰਦੀ ਹੈ
ਦੁੱਖ ਸੁੱਖ ਹੁੰਦੇ ਕਰਮ ਲਿਖੇ ਜੋ ਕਿਸਮਤ ਦੇ
ਪਰ ਦੁੱਖਾਂ ਨਾਲ ਖੜਨਾ ਵੀ ਇੱਕ ਕਲਾ ਹੁੰਦੀ ਹੈ
ਆਪਣੀ ਆਪਣੀ ਸੋਚ ਹੁੰਦੀ ਪਰ ਬੰਦੇ ਦੀ
ਪਰ ਸੋਚ ਨੂੰ ਅੰਬਰੀ ਜੜਨਾ ਵੀ ਇੱਕ ਕਲਾ ਹੁੰਦੀ ਹੈ।
ਰੱਖ ਹੌਂਸਲਾ ਪੂਰਾ ਤੂੰ ਨਾ ਡੋਲ ਕਦੇ
ਨਵੀਂ ਯੁਕਤ ਨੂੰ ਘੜਨਾ ਵੀ ਇੱਕ ਕਲਾ ਹੁੰਦੀ ਏ
ਬੰਦਾ ਚਾਹੇ ਤਾਂ ਫਿਰ ਕੀ ਨਹੀਂ ਕਰ ਸਕਦਾ
ਖੁਦ ਕਿਸਮਤ ਨੂੰ ਮੜਨਾ ਵੀ ਇੱਕ ਕਲਾ ਹੁੰਦੀ ਏ
ਵਾਂਗ ਹਨੇਰੀ ਦੁੱਖ ਆਉਦੇ ਨੇ ਜਿੰਦਗੀ ਵਿੱਚ
ਵਿੱਚ ਤੁਫਾਨਾਂ ਖੜਨਾ ਵੀ ਇੱਕ ਕਲਾ ਹੁੰਦੀ ਏ
ਚੁੱਪ ਵੱਟ ਕੇ ਬਸ 'ਕਮਲ' ਤੂੰ ਏਦਾਂ ਹੀ ਲਿਖਦੀ ਰਹਿ
ਹਰ ਇੱਕ ਦੁੱਖ ਨੂੰ ਜਰਨਾ ਵੀ ਇੱਕ ਕਲਾ ਹੁੰਦੀ ਹੈ
ਹਰ ਇੱਕ ਦੁੱਖ ਨੂੰ ਜਰਨਾ ਵੀ ਇੱਕ ਕਲਾ ਹੁੰਦੀ ਹੈ।
00

ਔਰਤ

ਹਰ ਰਿਸ਼ਤੇ ਨੂੰ ਬਾ-ਖੂਬ ਏ ਨਿਭਾ ਰਹੀ ਔਰਤ
ਪਰ ਫਿਰ ਵੀ ਜੁੱਤੀ ਪੈਰ ਦੀ ਅਖਵਾ ਰਹੀ ਔਰਤ
ਹੈ ਏ ਖੁਦ ਤਾਂ ਜਲ ਰਹੀ-ਪਰ ਰੋਸ਼ਨ ਜੱਗ ਨੂੰ ਕਰ ਰਹੀ
ਦੇਖੋ ਕਿੰਨੇ ਦੁੱਖਾਂ ਨੂੰ ਹੈ ਸੀਨੇ ਲਾ ਰਹੀ ਔਰਤ
ਹਰ ਰਿਸ਼ਤੇ ਨੂੰ ਬਾਖੂਬ ਏ ਨਿਭਾ ਰਹੀ ਔਰਤ-

ਕਿਤੇ ਇਹ ਸੋਹਣੀ ਮਮਤਾ ਏ- ਕਿਤੇ ਹੈ ਦਿਲ ਦੀ ਸਾਂਝ ਏ
ਕਿਤੇ ਇਹ ਵਿੱਚ ਤੁਫਾਨਾਂ ਦੇ- ਕਿਸੇ ਕਿਸ਼ਤੀ ਦੇ ਵਾਂਗ ਏ
ਕਿਤੇ ਬਣ ਕੇ ਰੱਖੜੀ ਵੀਰ ਦੀ ਰੁਸ਼ਨਾ ਰਹੀ ਔਰਤ
ਹਰ ਰਿਸ਼ਤੇ ਨੂੰ ਬਾਖੂਬ ਹੈ ਨਿਭਾ ਰਹੀ ਔਰਤ-

ਇੱਕ ਪੀੜ ਐਸੀ ਹੈ ਜੋ ਗਹਿਰਾ ਦਰਦ ਸਹਿ ਰਹੀ
ਜੁਲਮ ਏ ਤਨ ਤੇ ਸਹਿੰਦੀ ਹੈ- ਮੂੰਹੋਂ ਜੋ ਕੁਝ ਨਾ ਕਹਿ ਰਹੀ
ਕਿਤੇ ਦਾਜ ਦੀ ਅੱਗ ਵਿੱਚ ਹੈ ਖੁਦ ਨੂੰ ਜਲਾ ਰਹੀ ਔਰਤ
ਹਰ ਰਿਸ਼ਤੇ ਨੂੰ ਬਾਖੂਬ ਹੈ ਨਿਭਾ ਰਹੀ ਔਰਤ

ਕੋਈ ਪੁੱਛੇ ਤਾਂ ਸਹੀ- ਕਿੰਨੇ ਅਰਮਾਨ ਏਸ ਦੇ
ਹੈ ਕੀਤੇ ਹੋਏ ਜੱਗ ਤੇ ਜੋ- ਕਿੰਨੇ ਅਹਿਸਾਨ ਏਸ ਦੇ
ਤੇ ਜਨਮ ਦਾਤਾ ਗੁਰੂਆਂ ਦੀ ਅਖਵਾ ਰਹੀ ਔਰਤ
ਹਰ ਰਿਸ਼ਤੇ ਨੂੰ ਬਾਖੂਬ ਹੈ ਨਿਭਾ ਰਹੀ ਔਰਤ-
ਹਰ ਰਿਸ਼ਤੇ ਨੂੰ ਬਾਖੂਬ ਹੈ ਨਿਭਾ ਰਹੀ ਔਰਤ-
00

ਸਾਹਾਂ ਦੀ ਮਾਲਾ

ਦਿਨ ਚੜਦਾ ਦਿਨ ਢਲ ਜਾਂਦਾ
ਫਿਰ ਰਾਤ ਹਨੇਰੀ ਆਵੇ
ਜਦ ਅੱਖਾਂ ਨੂੰ ਬੰਦ ਮੈਂ ਕਰਦੀ
ਉਹਦੀ ਯਾਦ ਬੂਹਾ ਖੜਕਾਵੇ
ਨਿੱਤ ਯਾਦਾਂ ਨੂੰ ਬੂਹੇ ਖੋਲਾਂ
ਨੈਣੀ ਨੀਂਦ ਨੀ ਪੈਂਦੀ
ਕੀ ਏ ਦੁਨੀਆਦਾਰੀ ਲੋਕੋ
ਕੁਝ ਸਮਝ ਨੀ ਮੈਨੂੰ ਰਹਿੰਦੀ
ਲਗਦਾ ਏ ਜਿਵੇਂ ਦੁਨੀਆਂ ਉਤੇ
ਦਿਨ ਕਟੀਆਂ ਹਾਂ ਕਰਦੇ
ਕਦੇ ਉਹਦੀ ਸਾਨੂੰ ਯਾਦ ਸਤਾਵੇ
ਕਦੇ ਦੁੱਖਾਂ ਨਾਲ ਲੜਦੇ
ਕੀ ਖੱਟਿਆ ਕਿਉਂ ਇਸ਼ਕ ਕਮਾਏ
ਕਿਉਂ ਲਾਏ ਰੋਗ ਅਵੱਲੇ
ਰੰਗੀ ਵਸਦੀ ਦੁਨੀਆਂ ਭਾਵੇਂ
ਅਸੀਂ ਕੱਲੇ ਦੇ ਕੱਲੇ
ਲਗਦਾ ਨੀ ਜੱਗ ਚੰਗਾ ਰੱਬਾ
ਮੂੰਹੋਂ ਮੌਤ ਨੂੰ ਮੰਗਾਂ
ਜਾ ਸੱਜਣਾ ਦੇ ਰੰਗ ਵਿੱਚ ਰੰਗਦੇ
ਜਿਹੜਾ ਲਗਦਾ ਦਿਲ ਨੂੰ ਚੰਗਾ
ਜਾ ਫਿਰ ਇਹ ਸਾਹਾਂ ਦੀ ਮਾਲਾ
ਕਿਧਰੇ ਹੀ ਟੁੱਟ ਜਾਵੇ
ਦਿਨ ਚੜਦਾ ਦਿਨ ਢਲ ਜਾਂਦਾ
ਫਿਰ ਰਾਤ ਹਨੇਰੀ ਆਵੇ।

00

ਲੀਕਾਂ ਦੇ ਮੇਲ

ਦੇਖਦੀ ਹਾਂ ਹੱਥਾਂ ਦੀਆਂ ਲੀਕਾਂ ਦੇ ਮੇਲ ਨੂੰ
ਜਿੰਦਗੀ ਵਿੱਚ ਹੋ ਰਹੇ ਇਹ ਕੈਸੇ ਖੇਲ ਨੂੰ
ਨਾ ਸਮਝ ਆਉਂਦੀ ਏਸ ਦੀ-ਏ ਮੋੜ ਨੇ ਕਿਹੜੇ
ਕੱਟ ਰਹੀ ਹਾਂ ਉਮਰਾਂ ਦੀ ਮੈਂ ਕੈਸੀ ਜੇਲ ਨੂੰ
ਦੇਖਦੀ ਹਾਂ ਹੱਥਾਂ ਦੀਆਂ ਲੀਕਾਂ ਦੇ ਮੇਲ ਨੂੰ-
ਸੁਪਨਿਆਂ ਨੂੰ ਤੋੜ ਕੇ- ਜੋ ਜੋੜ ਨਾ ਸਕੇ
ਯਾਦਾਂ ਦੇ ਉਹ ਕਾਫਲੇ- ਜੋ ਮੋੜ ਨਾ ਸਕੇ
ਦੁੱਖਾਂ ਤੋਂ ਸਾਨੂੰ ਨਾ- ਜੋ ਕਦੇ ਵੀ ਵਿਹਲ ਨੂੰ
ਦੇਖਦੀ ਹ ਹੱਥਾਂ ਦੀਆਂ ਲੀਕਾਂ ਦੇ ਮੇਲ ਨੂੰ-
ਇੱਕ ਢਲਦੀ ਹੋਈ ਸ਼ਾਮ ਦਾ ਅਹਿਸਾਨ ਹਾਂ ਮੈਂ
ਲਗਦਾ ਕੁਝ ਕੁ ਪਲ ਦੀ ਮਹਿਮਾਨ ਹਾਂ ਮੈਂ
ਰੌਸ਼ਨ ਸ਼ਮ੍ਹਾਂ ਕਰ ਰਹੀ- ਪਾ ਹੰਝੂਆਂ ਦੇ ਤੇਲ ਨੂੰ
ਦੇਖਦੀ ਹਾਂ ਹੱਥਾਂ ਦੀਆਂ ਲੀਕਾਂ ਦੇ ਮੇਲ ਨੂੰ
ਯਾਦਾਂ ਦੇ ਉਹ ਕਾਫਲੇ- ਤੇ ਸੁਪਨਿਆਂ ਦੇ ਦੌਰ ਨੂੰ
ਉੱਡ ਚੱਲੇ ਇਸ ਜਿੰਦ 'ਚੋਂ- ਸਾਹਾਂ ਦੇ ਭੌਰ ਨੂੰ
ਤੇ ਲੀਹੋਂ ਉਤਰੀ ਜਿੰਦਗੀ ਦੀ ਚਲਦੀ ਰੇਲ ਨੂੰ
ਦੇਖਦੀ ਹਾਂ ਹੱਥਾਂ ਦੀਆਂ ਲੀਕਾਂ ਦੇ ਮੇਲ ਨੂੰ
'ਕਮਲ' ਦੇਖਦੀ ਹੈ ਹੱਥਾਂ ਦੀਆਂ ਲੀਕਾਂ ਦੇ ਮੇਲ ਨੂੰ।

00

ਮੇਰੀ ਪਹਿਚਾਨ

ਮੈਂ ਐਨੀ ਵੀ ਕੋਈ ਸੋਹਣੀ ਨੀ
ਮੇਰੇ ਵਰਗੀ ਪਰ ਕੋਈ ਹੋਣੀ ਨੀ
ਮੈਂ ਰੁੱਤਾਂ ਨੂੰ ਮਹਿਕਾ ਦੇਵਾਂ
ਮੈਂ ਅੰਬਰੀਂ ਪੀਂਘਾਂ ਪਾ ਦੇਵਾਂ
ਮੈਂ ਰਹਿੰਦੀਆ ਬੜਾ ਸਜ ਧਜ ਕੇ
ਮੇਰੀ ਰੀਸ ਕਿਸੇ ਤੋਂ ਹੋਣੀ ਨੀ
ਪਰ ਐਨੀ ਵੀ ਮੈਂ ਸੋਹਣੀ ਨੀ
ਲਫਜਾਂ ਨੂੰ ਬੋਲਣ ਲਾ ਦੇਵਾਂ
ਦੁੱਖਾਂ ਨੂੰ ਗੀਤ ਬਣਾ ਦੇਵਾਂ
ਮੈਂ ਰੁੱਸਿਆ ਯਾਰ ਮਨਾ ਦੇਵਾਂ
ਪਰ ਨਾਲ ਕਿਸੇ ਦਿਲ ਲਾਵਣ ਦੀ
ਮੈਂ ਕਸਮ ਕਦੇ ਵੀ ਪਾਉਣੀ ਨੀ
ਮੈਂ ਐਨੀ ਵੀ ਕੋਈ ਸੋਹਣੀ ਨੀ
ਮੈਂ ਹਰ ਇੱਕ ਰਿਸ਼ਤਾ ਜਾਣਦੀ ਹਾਂ
ਮੈਂ ਮੋਹ ਦੀਆਂ ਤੰਦਾਂ ਤਾਣਦੀਆਂ
ਮੈਨੂੰ ਸੋਚ ਮੇਰੀ ਤੇ ਮਾਣ ਬੜਾ
'ਪਹਿਚਾਣ' ਮੈਂ ਕਦੇ ਗੁਵਾਉਣੀ ਨੀ
ਪਰ ਐਨੀ ਵੀ ਮੈਂ ਸੋਹਣੀ ਨੀ
ਗੱਲ ਤੋਰ ਹੀ ਲਈ ਤਾਂ ਦੱਸ ਦੇਵਾਂ
ਮੈਂ ਦੁੱਖਾਂ ਨਾਲ ਸਿੰਗਾਰੀ ਹਾਂ
ਮੇਰੇ ਗੀਤਾਂ ਨੂੰ ਉਝ ਲਗਦੀ ਮੈਂ
ਹਰ ਮੁਖੜੇ ਵਾਂਗੂੰ ਪਿਆਰੀ ਹਾਂ
ਬੱਸ ਏਹੀ ਐ 'ਪਹਿਚਾਨ' ਮੇਰੀ
ਅਸੀਂ ਬਹੁਤੀ ਆਖ ਸੁਣਾਉਣੀ ਨੀ
ਮੈਂ ਐਨੀ ਵੀ ਕੋਈ ਸੋਹਣੀ ਨੀ
'ਕਮਲ' ਵਰਗੀ ਪਰ ਕੋਈ ਹੋਣੀ ਨੀ।

00

ਫਰਿਸ਼ਤੇ

ਉਹ ਕੌਣ ਹੈ ਜੋ ਪਿੱਛੇ ਮੇਰੇ ਆ ਰਿਹਾ
ਪ੍ਰਛਾਵਾਂ ਬਣ ਕੇ ਸਾਥ ਹੈ ਨਿਭਾ ਰਿਹਾ
ਜੀਹਨੂੰ ਸੋਚ ਮੇਰੀ ਮੁੜ ਕੇ ਪਿੱਛੇ ਦੇਖਦੀ
ਕੈਸਾ ਹਰਸਫਰ ਜੋ ਮੰਜਿਲਾਂ ਦਿਖਾ ਰਿਹਾ
ਹਨੇਰ ਵਿਚ ਮੈਂ ਦੇਖਿਆ ਪ੍ਰਛਾਵਾਂ ਵੀ ਹੈ ਡੋਲਦਾ
ਪਰ ਦੇਖੋ ਕੈਸੀ ਸਾਂਝ ਏ- ਜੋ ਮੂੰਹੋਂ ਕੁਝ ਨਹੀਂ ਬੋਲਦਾ
ਮੇਰੀ ਥੱਕੀ ਹੋਈ ਰੂਹ ਨੂੰ- ਕਿਵੇਂ ਹੈ ਮਨਾ ਰਿਹਾ
ਉਹ ਕੌਣ ਹੈ ਜੋ ਮੇਰੇ ਪਿੱਛੇ ਆ ਰਿਹਾ
ਮੈਂ ਦੇਖਲਾ ਇੱਕ ਪਲ ਲਈ
ਸ਼ੁਕਰਾਨਾ ਉਹਦਾ ਕਰ ਦੇਵਾਂ
ਮੈਨੂੰ ਮਿਲੀ ਹੋਈ ਇਸ ਸ਼ੋਹਰਤ ਨੂੰ
ਉਹਦੇ ਕਦਮਾਂ ਵਿੱਚ ਮੈਂ ਧਰ ਦੇਵਾਂ
ਜੋ ਚੜਦੇ ਸੂਰਜ ਤੋਂ ਮੈਨੂੰ
ਸਲਾਮਾਂ ਹੈ ਕਰ ਰਿਹਾ
ਉਹ ਕੌਣ ਹੈ ਜੋ ਮੇਰੇ ਪਿੱਛੇ ਆ ਰਿਹਾ
ਕਈ ਮੇਰੇ ਵਰਗੇ ਲੋਕ ਨੇ
ਸਾਰੀ ਉਮਰ ਜੋ ਰੱਬ ਮਨਾਉਂਦੇ ਨੇ
ਕਈ ਰੱਬ ਦੇ ਐਸੇ ਬੰਦੇ ਨੇ
ਜੋ ਬਣ ਫਰਿਸ਼ਤੇ ਆਉਂਦੇ ਨੇ
ਬਸ 'ਕਮਲ' ਲਈ ਤਾਂ ਰੱਬ ਉਹ
ਜੋ ਡਿੱਗੀ ਨੂੰ ਉਠਾ ਰਿਹਾ
ਉਹ ਕੌਣ ਹੈ ਜੋ ਪਿੱਛੇ ਮੇਰੇ ਆ ਰਿਹਾ
ਹੈ ਕੌਣ ਉਹ ਜੋ ਮਗਰ ਮੇਰੇ ਆ ਰਿਹਾ।

00

ਫਰਿਆਦ

ਮੈਂ ਯਾਦ ਹਾਂ ਤੇਰੀ
ਤੂੰ ਮੈਨੂੰ ਯਾਦ ਤਾਂ ਕਰ
ਮੈਨੂੰ ਆਪਣੀ ਸੋਚ ਵਾਂਗੂੰ
ਅਜਾਦ ਤਾਂ ਕਰ
ਮੈਂ ਯਾਦ ਹਾਂ ਤੇਰੀ
ਤੂੰ ਮੈਨੂੰ ਯਾਦ ਤਾਂ ਕਰ
ਕਿਉਂ ਦਿਲ ਵਿੱਚ ਦਫਨ ਹੋ ਰਹੀ
ਇਹ ਰੀਝ ਪਿਆਰ ਦੀ
ਵਰਿਆਂ ਤੋਂ ਸੁੱਤੇ ਇਸ਼ਕ ਨੂੰ
ਅਵਾਜ਼ ਤਾਂ ਕਰ
ਮੈਂ ਯਾਦ ਹਾਂ ਤੇਰੀ
ਮੈਨੂੰ ਯਾਦ ਤਾਂ ਕਰ
ਭੁੱਲੀ ਤੇ ਵਿਸਰੀ ਯਾਦ ਨੂੰ
ਨੀਦੋਂ ਜਗਾ ਜਰਾ
ਵਰਿਆਂ ਦੀ ਇਸ ਪਿਆਸ ਨੂੰ
ਦੋ ਘੁੱਟ ਪਿਲਾ ਜਰਾ
ਦੋ ਪਿਆਰ ਦੇ ਬੋਲਾਂ ਦਾ
ਅਗਾਜ਼ ਤਾਂ ਕਰ
ਮੈਂ ਯਾਦ ਹਾਂ ਤੇਰੀ
ਤੂੰ ਮੈਨੂੰ ਯਾਦ ਤਾਂ ਕਰ
ਚੱਲ ਸੁਪਨਿਆਂ ਦੇ ਦੇਸ਼
ਮੈਂ ਤੇਰੀ ਪਰੀ ਹਾਂ
ਮੈਂ ਯਾਦਾਂ ਦੀ ਇਸ ਡੋਰ ਦੀ
ਟੁੱਟੀ ਹੋਈ ਲੜੀ ਹਾਂ
ਇਸ ਟੁੱਟੀ ਹੋਈ ਡੋਰ ਨੂੰ
ਫਰਿਆਦ ਤਾਂ ਕਰ
ਮੈਂ ਯਾਦ ਹਾਂ ਤੇਰੀ
ਤੂੰ ਮੈਨੂੰ ਯਾਦ ਤਾਂ ਕਰ
ਤੂੰ ਮੈਨੂੰ ਯਾਦ ਤਾਂ ਕਰ।
00

ਪਿਆਰ ਦੇ ਦੋ ਪਲ

ਸਵਰ ਕਰ ਥੋੜਾ ਜਿਹਾ– ਦਿਨ ਸਾਡੇ ਵੀ ਕਦੇ ਆਉਣਗੇ
ਜਿਹੜੇ ਪਾਸਾ ਵੱਟ ਕੇ ਲੰਗਦੇ ਨੇ– ਕਦੇ ਉਹ ਆ ਬੁਲਾਉਣਗੇ
ਸਵਰ ਕਰ ਥੋੜਾ ਜਿਹਾ– ਦਿਨ ਸਾਡੇ ਵੀ ਕਦੇ ਆਉਣਗੇ–
ਭੁੱਲਣਾ ਨਹੀਉਂ ਵਕਤ ਉਹ– ਜਦ ਮੁਸ਼ਕਲਾਂ ਸੀ ਭਾਰੀਆਂ
ਕਿਸੇ ਨਾ ਨਿਭਾਈਆਂ ਸਾਡੇ ਦੁੱਖਾਂ ਦੇ ਨਾਲ ਯਾਰੀਆਂ
ਹੰਝੂ ਲੱਗਦਾ ਮੇਰੇ ਇਹਨਾਂ ਦੁੱਖਾਂ ਨੂੰ ਮਿਟਾਉਣਗੇ
ਸਵਰ ਕਰ ਥੋੜਾ ਜਿਹਾ– ਦਿਨ ਸਾਡੇ ਵੀ ਕਦੇ ਆਉਣਗੇ–
ਬੜਾ ਰਵਾਇਆ ਜੱਗ ਨੇ– ਤਕਦੀਰ ਧੋਖਾ ਦੇ ਗਈ
ਸਾਨੂੰ ਮੌਤ ਵੀ ਆਈ ਨਹੀਂ– ਉਹ ਵੀ ਰੁਸਵਾ ਹੋ ਗਈ
ਮੈਂ ਮੌਤ ਨੂੰ ਹੁਣ ਆਖਦੀ– ਮੈਨੂੰ ਜਿੰਦਗੀ ਜਿਊਣ ਦੇ
ਸਵਰ ਕਰ ਥੋੜਾ ਜਿਹਾ– ਦਿਨ ਸਾਡੇ ਵੀ ਕਦੇ ਆਉਣਗੇ–
ਹੈ ਅੰਤ ਉਸ ਵਕਤ ਦਾ– ਜਿਹਨੇ ਕੱਖੋਂ ਹੋਲੇ ਕਰ ਦਿੱਤਾ
ਖੁਸ਼ੀ ਨੇ ਜਿਵੇਂ ਆਉਣ ਦਾ ਹੁੰਗਾਰਾ ਜਿਹਾ ਭਰ ਦਿੱਤਾ
ਕਰ ਰਹੀ ਦੁਆ ਮੈਂ ਰੱਬ ਨੂੰ ਹੁਣ ਗਮਾਂ ਤੋਂ ਮੈਨੂੰ ਬਖਸ਼ ਦੇ
ਨਾ ਦੇ ਜਖਮ ਹੁਣ ਹੋਰ ਤੂੰ– ਜਿਹਨਾਂ ਤੋਂ ਰਹੇ ਤੜਫਦੇ
ਬਸ ਪਿਆਰ ਦੇ ਦੋ ਪਲ ਲਈ– ਜੋ ਜ਼ਖ਼ਮਾਂ ਤੇ ਮੱਲ੍ਹਮ ਲਾਉਣਗੇ
ਸਵਰ ਕਰ ਥੋੜਾ ਜਿਹਾ ਦਿਨ ਸਾਡੇ ਵੀ ਕਦੇ ਆਉਣਗੇ।
ਦਿਨ ਸਾਡੇ ਵੀ ਕਦੇ ਆਉਣਗੇ।
00

ਸੁਪਨਾ

ਸਾਡੇ ਸੱਜਣਾ ਆਉਣਾ ਸੁਪਨੇ ਦੇ ਵਿੱਚ ਮਿਲਨੇ ਨੂੰ
ਅਸੀਂ ਢੋਹ ਨੈਣਾਂ ਦੇ ਬੂਹੇ ਬੈਠੇ ਰਾਵ੍ਹਾਂ ਵਿੱਚ
ਬੜਾ ਸੱਜ ਬੈਠੇ ਹਾਂ ਅੱਜ ਤਾਂ ਉਹਦੇ ਆਉਣ ਲਈ
ਜਿਹੜਾ ਵਸ ਗਿਆ ਏ ਹੁਣ ਸਾਡੇ ਇਹਨਾਂ ਸਾਹਵਾਂ ਵਿੱਚ
ਬੜਾ ਇੰਤਜਾਰ ਕਰਵਾਉਂਦੇ ਸੱਜਣ ਬੇਦਰਦੀ
ਤੇ ਪਲ ਦੋ ਪਲ ਸੁਪਨੇ ਦੇ ਵਿੱਚ ਆਉਂਦੇ ਨੇ
ਬਸ ਦੇਖੀ ਜਾਵਾਂ ਦਿਲ ਕਰਦਾ ਉਹਦੇ ਨੈਣਾਂ ਨੂੰ
ਜਿਹੜੇ ਨਾਲ ਇਸ਼ਾਰੇ ਸਾਰੀ ਗੱਲ ਸਮਝਾਉਂਦੇ ਨੇ
ਉਹਦੇ ਨੈਣੋਂ ਮਸਤੀ ਡੁੱਲ-ਡੁੱਲ ਕਾਹਤੋਂ ਪੈਂਦੀ ਏ
ਕਾਹਤੋਂ ਨਖਰਾ ਭਰਿਆ ਹੋਇਆ ਏ ਅਦਾਵਾਂ ਵਿੱਚ
ਸਾਡੇ ਸੱਜਣਾ ਆਉਣਾ ਸੁਪਨੇ ਦੇ ਵਿੱਚ ਮਿਲਨੇ ਨੂੰ
ਅਸੀਂ ਢੋਹ ਨੈਣਾਂ ਦੇ ਬੂਹੇ ਬੈਠੇ ਰਾਵ੍ਹਾਂ ਵਿੱਚ
ਕੀ ਆਖਾਂ ਮੈਂ ਸੱਜਣਾ ਨੂੰ- ਸਮਝ ਨਾ ਆਉਂਦੀ ਏ
ਚੁੱਪ ਚਾਪ ਨਾ ਮੁੜਜੇ ਸੱਜਣ ਜਿੰਦ ਘਬਰਾਉਂਦੀ ਏ
ਕੋਈ ਹੋ ਨਾ ਜਾਵੇ ਗੁਸਤਾਖੀ ਇਹਨਾਂ ਚਾਵਾਂ ਤੋਂ
ਕਿਤੇ ਸੱਜਣ ਨਾ ਰੁੱਸ ਜਾਵੇ ਇਹਨਾਂ ਬਾਹਵਾਂ ਵਿੱਚ
ਸਾਡੇ ਸੱਜਣਾ ਆਉਣਾ ਸੁਪਨੇ ਦੇ ਵਿੱਚ ਮਿਲਨੇ ਨੂੰ
ਅਸੀਂ ਢੋਹ ਨੈਣਾਂ ਦੇ ਬੂਹੇ ਬੈਠੇ ਰਾਵ੍ਹਾਂ ਵਿੱਚ।
ਬੜੀ ਸੋਚਾਂ ਦੇ ਵਿੱਚ ਗੁਜਰ ਗਈ ਏ ਰਾਤ ਮਨਾਂ
ਕਿਉਂ ਸੋਚੇ ਉਹਦੇ ਵਾਰੇ ਜੀਹਦੇ ਲਾਰੇ ਨੇ
ਕਿਉਂ 'ਕਮਲ' ਬੈਠੀ ਤੂੰ ਰਾਵ੍ਹਾਂ ਦੇ ਵਿੱਚ ਲੈ ਸਧਰਾਂ
ਕਦੇ ਮਿਲਦੇ ਨਹੀਉਂ ਨਦੀ ਦੇ ਦੋ ਕਿਨਾਰੇ ਨੇ
ਜਿਹੜਾ ਰੂਹ ਤੇਰੀ ਵਿੱਚ ਵਸਦਾ ਉਹਦੀਆਂ ਯਾਦਾਂ ਨੇ
ਕਿਉਂ 'ਮੱਲੀ' ਨੂੰ ਤੂੰ ਮੰਗੇ ਨਿੱਤ ਦੁਆਵਾਂ ਵਿੱਚ
ਸਾਡੇ ਸੱਜਣਾ ਆਉਣਾ ਸੁਪਨੇ ਦੇ ਵਿੱਚ ਮਿਲਨੇ ਨੂੰ
ਅਸੀਂ ਢੋਹ ਨੈਣਾਂ ਦੇ ਬੂਹੇ ਬੈਠੇ ਰਾਵਾਂ ਵਿੱਚ-
00

ਵਾਤਾਵਰਣ

ਵਾਤਾਵਰਣ ਦਾ ਕਿੰਨਾ ਨੁਕਸਾਨ ਹੋ ਰਿਹਾ ਏ
ਛਾਂ ਹੈ ਘਟਦੀ ਜਾ ਰਹੀ ਤੇ ਸੁੰਨਸਾਨ ਹੋ ਰਿਹਾ ਏ
ਕਿਤੇ ਕੋਇਲ ਨਹੀਂ ਹੁਣ ਬੋਲਦੀ
ਜੋ ਗੀਤ ਗਾਉਂਦੀ ਪਿਆਰ ਦਾ
ਨਾ ਬੋਲ ਉਹਦਾ ਕਿਤੋਂ ਵੀ ਪਹਿਚਾਨ ਹੋ ਰਿਹਾ ਏ
ਵਾਤਾਵਰਣ ਦਾ ਕਿੰਨਾ ਨੁਕਸਾਨ ਹੋ ਰਿਹਾ ਏ-
ਕਿਉਂ ਚਾਰੇ ਪਾਸੇ ਲੋਕਾਂ ਨੇ
ਮਹਿਲ ਨੇ ਉਸਾਰ ਲਏ
ਪਰ ਤਾਜੀ ਹਵਾ ਤੋਂ ਬਿਨਾਂ
ਦੇਖੋ ਹੱਡ ਆਪਣੇ ਖਾਰ ਲਏ
ਹੁਣ ਬੈਠ ਕੇ ਅੰਦਰ ਕਿਵੇਂ
ਇਨਸਾਨ ਰੋ ਰਿਹਾ ਏ
ਵਾਤਾਵਰਣ ਦਾ ਕਿੰਨਾ ਨੁਕਸਾਨ ਹੋ ਰਿਹਾ ਏ-
ਨਾ ਤੂਤਾਂ ਦੀ ਉਹ ਛਾਂ ਰਹੀ
ਨਾ ਬੋਹੜ ਦੀ ਕੋਈ ਗੱਲ ਹੈ
ਇਹ ਰੁੱਖ ਨੇ ਕਾਹਤੋਂ ਵੱਡ ਰਹੇ
ਦੱਸੋ ਏਦਾਂ ਕੋਈ ਹੱਲ ਹੈ
ਇਹ ਰੁੱਖ ਅਤੇ ਸੁੱਖ ਤਾਂ ਆਪਣੇ
ਇਨਸਾਨ ਖੋ ਰਿਹਾ ਏ
ਵਾਤਾਵਰਣ ਦਾ ਕਿੰਨਾ ਨੁਕਸਾਨ ਹੋ ਰਿਹਾ ਏ-
ਇਹ ਛਾਂ ਬਚਾਉ ਆਪਣੀ
ਨਾ ਵੱਢੋ ਕਿਸੇ ਰੁੱਖ ਨੂੰ
'ਕਮਲ' ਏਹੀ ਰੁੱਖ ਨੇ
ਜੋ ਸਮਝਣ ਸਭ ਦੇ ਦੁੱਖ ਨੂੰ
ਜੋ ਸਮਝਣ ਸਭ ਦੇ ਦੁੱਖ ਨੂੰ।
00

ਆਹਟ

ਕਿਸੇ ਦੇ ਆਉਣ ਦੀ ਮੇਰੇ ਦਿਲ ਨੂੰ ਆਹਟ ਸੁਣ ਰਹੀ ਏ
ਇਹ ਸੋਚ ਮੇਰੀ ਕੈਸਾ ਏ- ਤਾਣਾ ਬੁਣ ਰਹੀ ਏ
ਇੱਕ ਚੁੱਪ ਹੈ ਹਨੇਰ ਹੈ- ਤੇ ਉਮੀਦ ਹੈ ਮੈਨੂੰ
ਪਰ ਜਿੰਦਗੀ ਨੂੰ ਮੁੱਢ ਤੋਂ ਹੀ ਲੱਗੀ ਘੁਣ ਰਹੀ ਏ
ਕਿਸੇ ਦੇ ਆਉਣ ਦੀ ਮੇਰੇ ਦਿਲ ਨੂੰ ਆਹਟ ਸੁਣ ਰਹੀ ਏ

ਇਹ ਝੂਠੀ ਜਿਹੀ ਇੱਕ ਆਸ ਏ- ਮੇਰੇ ਪਿਆਰ ਦੀ
ਕੋਈ ਗੱਲ ਨਹੀਂ ਅਜੇ ਕੀਤੀ ਏਦਾਂ ਇਜਹਾਰ ਦੀ
ਅਜੇ ਤਾਂ ਤਕਦੀਰ ਕੋਈ ਫੈਸਲਾ ਚੁਣ ਰਹੀ ਏ
ਕਿਸੇ ਦੇ ਆਉਣ ਦੀ ਮੇਰੇ ਦਿਲ ਨੂੰ ਆਹਟ ਸੁਣ ਰਹੀ ਏ

ਜੋ ਦਿਲ ਵਿੱਚ ਨੇ ਰੱਖੀਆਂ, ਉਹ ਰੀਝਾਂ ਸਾਰੀਆਂ
ਕੁਝ ਅਣ ਸੁਣੀਆਂ ਗੱਲਾਂ ਵੀ ਲੱਗਣ ਪਿਆਰੀਆਂ
ਮਨ ਵਿਚ ਵਜ ਰਹੀ ਕੋਈ ਮਿੱਠੀ ਧੁੰਨ ਰਹੀ ਏ
ਕਿਸੇ ਦੇ ਆਉਣ ਦੀ ਮੇਰੇ ਦਿਲ ਨੂੰ ਆਹਟ ਸੁਣ ਰਹੀ ਏ
ਕਿਸੇ ਦੇ ਆਉਣ ਦੀ ਮੇਰੇ ਦਿਲ ਨੂੰ ਆਹਟ ਸੁਣ ਰਹੀ ਏ।
00

ਕਿੱਥੇ ਜਾਣ ਦੇਖੋ ਏ ਵਿਚਾਰੀਆਂ

ਸੋਚਦੇ ਨੀ ਲੋਕ ਕਾਹਤੋਂ ਹੁੰਦੇ ਨੇ ਤਲਾਕ
ਰੁਲ ਜਾਂਦੀਆਂ ਨੇ ਧੀਆਂ ਕਿਉਂ ਵਿਚਾਰੀਆਂ
ਨਾ ਰੱਬਾ ਕਦੇ ਮਾਫ ਕਰੀਂ
ਜਿਹਨੇ ਤੇਲ ਪਾ ਕੇ ਨੂੰਹਾਂ ਹੱਥੀਂ ਸਾੜੀਆਂ
ਨਾ ਰੱਬਾ ਕਦੇ ਮਾਫ ਕਰੀਂ.....

ਰੁਲਦੇ ਮਾਸੂਮ ਜਿਹੜੇ ਦੇਖਿਆ ਨਹੀਂ ਜੱਗ ਉੱਤੇ
ਹੁੰਦੀ ਕੀ ਪਿਆਰ ਮਾਂ ਬਾਪ ਦਾ
ਮਿੱਟੀ ਵਿੱਚ ਰੁਲ ਜਾਂਦੀ ਉਮਰ ਨਿਆਣੀ
ਜੱਗ ਸਾਰਾ ਜਿਵੇਂ ਉਪਰਾ ਏ ਜਾਪਦਾ
ਆਪ ਤਾਂ ਵਿਆਉਂਦੇ ਦੂਜੀ ਵਾਰ ਪੁੱਤਾਂ ਨੂੰ
ਰੋਂਦੇ ਧੀਆਂ ਵਾਲੇ ਉਮਰਾਂ ਨੇ ਸਾਰੀਆਂ
ਨਾ ਰੱਬਾ ਕਦੇ ਮਾਫ ਕਰੀਂ.....

ਭਰਦੇ ਨੀ ਢਿੱਡ ਚਾਹੇ ਜਿੰਨਾ ਵੀ ਖਵਾਉ
ਰਹਿੰਦੇ ਹਰ ਵੇਲੇ ਮੰਗ ਨਵੀਂ ਮੰਗਦੇ
ਮੰਗਤੇ ਨੇ ਬਣੇ ਦੇਖੋ ਦੁਨੀਆਂ ਦੇ ਉੱਤੇ
ਵੈਰੀ ਮੰਗਣ ਲੱਗੇ ਵੀ ਨਹੀਓਂ ਸੰਗਦੇ
ਕਰਦੇ ਨਿਲਾਮੀ ਕਿਵੇਂ ਪੁੱਤਾਂ ਦੀ ਏ ਲੋਕ
ਹੋਈਆਂ ਖੂਨ ਨਾਲੋਂ ਚੀਜ਼ਾਂ ਨੇ ਪਿਆਰੀਆਂ
ਨਾ ਰੱਬਾ ਕਦੇ ਮਾਫ ਕਰੀਂ.....
ਜੀਹਨੇ ਤੇਲ ਪਾ ਕੇ ਨੂੰਹਾਂ ਹੱਥੀਂ ਸਾੜੀਆਂ.....

ਧੀ ਅਤੇ ਗਊ ਕਹਿੰਦੇ ਦੁਨੀਆਂ ਦੇ ਉਤੇ
ਨਾਮ ਪੁੰਨ ਦਾ ਨੇ ਲੋਕੋ ਅਖਵਾਉਂਦੀਆਂ
ਕੰਜਕਾਂ ਏ ਲੋਕੋ ਕਾਹਤੋਂ ਮਾਰਦੇ ਓ ਤੁਸੀਂ
ਇਹ ਤਾਂ ਕੁੱਲ ਥੋਡੀ ਹੋਰ ਨੇ ਵਧਾਉਂਦੀਆਂ
ਥੋਡੀ ਵੀ ਜੇ ਧੀ ਮਰੇ ਜਾਲਮਾਂ ਦੇ ਹੱਥੋਂ
ਦੇਖਾਂ ਰੁਲ ਜਾਣ ਭਾਵੇਂ ਉਹ ਕੁਆਰੀਆਂ।
ਨਾ ਰੱਬਾ ਕਦੇ ਮਾਫ ਕਰੀ ...ਜੀਹਨੇ ਤੇਲ ਪਾ ਕੇ...

ਕਰੂ ਕੀ ਗਰੀਬ ਜੀਹਨੂੰ ਰੋਟੀ ਨੀ ਨਸੀਬ
ਕਿਵੇਂ ਭਰੂ ਤੇਰੇ ਮਹਿਲ ਚੁਬਾਰੇ ਏ
ਆਖਦੀ ਐ 'ਕਮਲ' ਜਰਾ ਬੈਠ ਕੇ ਵਿਚਾਰੋ
ਗੱਲ ਹੋਵੇ ਨਾ ਜੱਗ ਤੇ ਦੁਬਾਰੇ ਏ
ਨੂੰਹਾਂ ਵੀ ਤਾਂ ਹੁੰਦੀਆਂ ਨੇ ਕਿਸੇ ਦੀਆਂ ਧੀਆਂ
ਫਿਰ ਕਿੱਥੇ ਜਾਣ ਦੇਖੋ ਏ ਵਿਚਾਰੀਆਂ
ਨਾ ਰੱਬਾ ਕਦੇ ਮਾਫ ਕਰੀਂ...ਜੀਹਨੇ ਤੇਲ ਪਾ ਕੇ ਨੂੰਹਾਂ ਹੱਥੀਂ ਸਾੜੀਆਂ।
00

ਮਨ ਦਾ ਪੰਛੀ

ਜਦ ਮਨ ਦਾਪੰਛੀ ਅੰਬਰਾਂ ਦੇ ਵਿਚ ਉਡਣਾ ਚਾਵੇ
ਫੇਰ ਸੋਚ ਉਸਦੀ ਹੋਰ ਵੀ ਅਸਮਾਨੀ ਜਾਵੇ
ਉਹ ਸੁਪਨੇ ਦੇਖੇ ਚੰਨ ਤੇ ਇੱਕ ਮਹਿਲ ਬਣਾਵਾਂ
ਫਿਰ ਆਪਣੇ ਉਸ ਦਿਲਦਾਰ ਨੂੰ ਮੈਂ ਵਿੱਚ ਬਿਠਾਵਾਂ
ਕਰਾਂ ਰੀਝਾਂ ਸਾਰੀਆਂ ਪੂਰੀਆਂ ਜੋ ਦਿਲ ਵਿੱਚ ਰੱਖੀਆਂ
ਜੇ ਹੋ ਜਾਣ ਰੱਬਾ ਸਾਰੀਆਂ ਕਿਤੇ ਗੱਲਾਂ ਸੱਚੀਆਂ
ਮਨ ਪਤਾ ਨੀ ਕਾਹਤੋਂ ਆਖਦਾ– ਬਸ ਪਿਆਰ ਹੀ ਹੋਵੇ
ਉਸ ਚੰਨ ਦੇ ਨਾਲੋਂ ਸੋਹਣਾ ਬਸ ਦਿਲਦਾਰ ਹੀ ਹੋਵੇ
ਮੈਂ ਸੇਕੀ ਜਾਵਾਂ ਬੈਠ ਕੇ ਅੱਗ ਮੱਠੀ ਮੱਠੀ
ਕਹਿ ਦਿੱਤੀ ਜਿਹੜੀ ਗੱਲ ਸੀ ਮੈਂ ਦਿਲ ਵਿੱਚ ਰੱਖੀ
ਇੱਕ ਨੇਰ ਵਿੱਚ ਮੈਂ ਬੈਠ ਕੇ ਸੁਪਨੇ ਸਜਾਏ
ਕੋਈ ਤਾਰਿਆਂ ਦੇ ਨਾਲ ਮੇਰੀ ਵੀ ਜੇ ਮਾਂਗ ਭਰ ਜਾਏ
ਕਰੀਏ ਬਹਿਕੇ ਕਿਸੇ ਗੱਲ ਨੂੰ, ਜੋ ਇਸ਼ਕ ਜਗਾਉਂਦੀ
ਪਰ ਉਹ ਚੰਦਰੀ ਸਵੇਰ ਨੀ ਸਾਡੇ ਲਈ ਆਉਂਦੀ
ਰੱਬਾ ਕਰਦੇ ਰੀਝਾਂ ਪੂਰੀਆਂ 'ਕਮਲ' ਸ਼ੁਕਰ ਮਨਾਵੇ
ਵਾਂਗ ਪਰਿੰਦੇ ਅੰਬਰਾਂ ਦੇ ਵਿੱਚ ਉਡਣਾ ਚਾਵੇ
ਉਹ ਵਾਂਗ ਪਰਿੰਦੇ ਅੰਬਾਂ ਵਿੱਚ ਉਡਣਾ ਚਾਵੇ।
00

ਯਾਦਾਂ

ਲੰਗੇ ਵਕਤ ਨਾ ਮੁੜਦੇ ਰਹਿੰਦੀਆਂ ਯਾਦਾਂ ਨੇ
ਫਿਰ ਕਿਉਂ ਬੰਦਿਆ ਵੇਲੇ ਨੂੰ ਪਛਤਾਉਣਾ ਏ
ਸਮੇਂ ਦੀ ਗਾਗਰ ਬੂੰਦ-ਬੂੰਦ ਨਾਲ ਭਰ ਜਾਂਦੀ
ਵਿਹਲਾ ਵਹਿ ਕੇ ਰਹਿੰਨਾਂ ਵਕਤ ਗਵਾਉਨਾ ਏ,
ਲੰਗੇ ਵਕਤ ਨਾ ਮੁੜਦੇ ਰਹਿੰਦੀਆਂ ਯਾਦਾਂ ਨੇ...
ਬਚਪਨ ਏ ਜਦ ਹੁੰਦਾ ਮਿਲਦੀਆਂ ਲੋਰੀਆਂ ਨੇ
ਬਚਪਨ ਫੁੱਲਾਂ ਵਰਗਾ ਬਹੁਤ ਪਿਆਰਾ ਏ
ਲਾਡਾਂ ਦੇ ਨਾਲ ਪਲਦੀ ਜਿੰਦਗੀ ਏ ਰੁੱਤੇ
ਜੰਨਤ ਵਰਗਾ ਲਗਦਾ ਖੂਬ ਨਜ਼ਾਰਾ ਏ
ਡਰਦਾ ਸੀ ਤਾਂ ਮਾਂ ਦੀ ਬੁੱਕਲ ਮਿਲ ਜਾਂਦੀ
ਮਾਂ ਦੇ ਸਾਏ ਵਿੱਚ ਨਾ ਜਾ ਘਬਰਾਉਣਾ ਏ
ਲੰਘੇ ਵਕਤ ਨਾ ਮੁੜਦੇ ਰਹਿੰਦੀਆਂ ਯਾਦਾਂ ਨੇ....
ਵਿੱਚ ਜਵਾਨੀ ਫਿਕਰ ਨਾ ਰਹਿੰਦਾ ਕਾਸੇ ਦਾ
ਉੱਡਣ ਵਿੱਚ ਅਸਮਾਨੀ ਸੋਚਾਂ ਦੂਰ ਦੀਆਂ
ਬਣ ਬਣ ਰਾਂਝਾ ਸੁਪਨੇ ਦੇਖੇ ਹੂਰਾਂ ਦੇ
ਕਰਦਾ ਏ ਗੱਲਾਂ ਸੋਹਣੀ ਹੀਰ ਦੀਆਂ
ਖੰਭ ਲਾ ਕੇ ਉੱਡ ਜਾਂਦੇ ਸਾਰੇ ਫਿਕਰ ਉਦੋਂ
ਜਦੋਂ ਆਸ਼ਕੀ ਕੱਚੀ ਉਮਰੇ ਪਾਉਨਾ ਏ
ਲੰਘੇ ਵਕਤ ਨਾ ਮੁੜਦੇ ਰਹਿੰਦੀਆਂ ਯਾਦਾਂ ਨੇ...
ਫਿਰ ਕਿਉਂ ਬੰਦਿਆ ਵੇਲੇ ਨੂੰ ਪਛਤਾਉਨਾ ਏ
ਸੋਚਾਂ ਦੀ ਪੰਡ ਭਾਰੀ ਉਦੋਂ ਲੱਗਦੀ ਏ
ਧੀਆਂ ਪੁੱਤ ਜਦ ਵਿਹਲੇ ਬਹਿਕੇ ਖਾਂਦੇ ਨੇ,
ਮਨ ਦੀ ਚਿੰਤਾ ਵਧਦੀ ਐਂ ਦਿਨ ਰਾਤ ਉਦੋਂ
ਬੱਚੇ ਆਪਣੇ ਹੀ ਜਦ ਸਿਰ ਨੂੰ ਚੜ ਜਾਂਦੇ ਨੇ
ਬਾਪੂ ਕਹਿੰਦਾ ਸੀ ਤਾਂ ਰਹਿੰਦਾ ਚੰਗਾ ਸੀ
ਪਰ ਹੁਣ ਖੁਦ ਨੂੰ ਜਦ ਤੂੰ ਬਾਪੂ ਅਖਵਾਉਣਾ ਏ
ਲੰਘੇ ਵਕਤ ਨਾ ਮੁੜਦੇ ਰਹਿੰਦੀਆਂ ਯਾਦਾਂ ਨੇ....
ਆਖਰ ਵੇਲੇ ਜਦੋਂ ਸਹਾਰੇ ਚਾਹੀਦੇ
ਖੁਦ ਉਤੇ ਫਿਰ ਬਣ ਜਾਨਾਂ ਤੂੰ ਬੋਝ ਉਦੋਂ
ਹੱਥ ਵਿੱਚ ਮਾਲਾ ਫੜ ਲੈਨਾ ਫਿਰ ਬਹਿ ਕੇ ਕਿਉਂ
ਵਿਚ ਬੁਢੇਪੇ ਆਉਂਦੀ ਏ ਫਿਰ ਸੋਝ ਜਦੋਂ

‘ਕਮਲ’ ਇੱਕ ਦਿਨ ਰੱਬ ਘਰ ਬਸ ਜਾਣਾ ਹੈ।
ਕਿਉਂ ਪਾਪਾਂ ਦੇ ਘੜੇ ਤੂੰ ਆਪ ਭਰਾਉਨਾ ਏ
ਲੰਘੇ ਵਕਤ ਨਾ ਮੁੜਦੇ ਰਹਿੰਦੀਆਂ ਯਾਦਾਂ ਨੇ
ਫਿਰ ਕਿਉਂ ਬੰਦਿਆ ਵੇਲੇ ਨੂੰ ਪਛਤਾਉਣਾ ਏ.....
00

ਰੰਗਲਾ ਪੰਜਾਬ

ਚੇਤਾ ਆਉਂਦਾ ਜਦੋਂ ਕਿਤੇ ਰੰਗਲੇ ਪੰਜਾਬ ਦਾ
ਵਗੇ ਦਰਿਆ ਜਿੱਥੇ ਰਾਵੀ ਤੇ ਝਨਾਬ ਦਾ
ਮਿਲਣ ਮਿਸਾਲਾਂ ਲੋਕੋ ਜਿੱਥੋਂ ਨੇ ਪਿਆਰ ਦੀਆਂ
ਆਉਂਦੀਆਂ ਸੀ ਮਹਿਕਾਂ ਜਿੱਥੋਂ ਸੱਜਰੀ ਬਹਾਰ ਦੀਆਂ
ਉਹਨਾਂ ਮਹਿਕਾਂ ਤਾਈਂ ਲੱਗੀ ਅੱਜ- ਨਜ਼ਰ ਏ ਕਿਸਦੀ ਏ
ਜਿਹੜੀ ਪਹਿਲਾਂ ਸੀ ਪੰਜਾਬ- ਉਹ ਹੁਣ ਗੱਲ ਨਾ ਦਿਸਦੀ ਏ-
ਕੱਠੇ ਬੈਠ ਰੋਣਕਾਂ ਲਾਉਂਦੇ, ਬਾਬੇ ਦਿਲ ਦਾ ਹਾਲ ਸੁਣਾਉਂਦੇ
ਨਾ ਕਿਤੇ ਘੱਗਰੇ ਨਾ ਫੁਲਕਾਰੀ, ਕਿੱਥੇ ਉੱਡਗੀ ਰੌਣਕ ਸਾਰੀ
ਕਿਤੇ ਬੈਠ ਪੀੜੇ ਤੇ ਨਾਰ ਕੋਈ ਚੱਕੀ ਨਾ ਪਿਸਦੀ ਐ
ਜਿਹੜੀ ਪਹਿਲਾਂ ਸੀ ਪੰਜਾਬ 'ਚੋਂ ਉਹ ਹੁਣ ਗੱਲ ਨਾ ਦਿਸਦੀ ਐ-
ਨਾ ਕਿਤੇ ਖੂਹਾਂ ਦੇ ਉਹ ਪਾਣੀ, ਚੱਕਦੀ ਘੜਾ ਨਾ ਕੋਈ ਸੁਆਣੀ
ਲੱਗਣੋਂ ਹੱਟਗੀਆਂ ਕਾਹਤੋਂ ਤੀਆਂ, ਪੂੜੇ ਪੱਕਦੇ ਨੀ ਵਿੱਚ ਮੀਂਹਾਂ
ਨਾ ਹੁਣ ਬੈਠ ਤ੍ਰਿੰਝਣਾਂ ਵਿੱਚ ਸੋਹਣੀ ਕੋਈ ਚਰਖਾ ਕੱਤਦੀ ਐ
ਜਿਹੜੀ ਪਹਿਲਾਂ ਸੀ ਪੰਜਾਬ 'ਚੋਂ, ਉਹ ਹੁਣ ਗੱਲ ਨਾ ਦਿਸਦੀ ਐ।

ਰੱਬਾ ਮਹਿਰ ਮਨਾਂ ਵਿਚ ਪਾ ਦੇ, ਪਹਿਲਾਂ ਜਿਹਾ ਪੰਜਾਬ ਬਣਾਦੇ
ਜੀਹਦੀ ਰੂਹ ਨੂੰ ਵਿੱਚ ਜੀ ਪੈਂਦੀ, ਮਾਂ ਸੀ ਘੁੱਟ ਸੀਨੇ ਲਾ ਲੈਂਦੀ
ਜੀਹਦੀ ਮਮਤਾ ਵਸੀ 'ਕਮਲ', ਤੇਰੀ ਇਸ ਰੂਹ ਦੇ ਵਿਚ ਦੀ ਐ
ਜਿਹੜੀ ਪਹਿਲਾਂ ਸੀ ਪੰਜਾਬ, ਉਹ ਹੁਣ ਗੱਲ ਨਾ ਦਿਸਦੀ ਐ
ਜਿਹੜੀ ਪਹਿਲਾਂ ਸੀ ਪੰਜਾਬ 'ਚੋਂ ਉਹ ਹੁਣ ਗੱਲ ਨਾ ਦਿਸਦੀ ਐ।
00

ਗੁਨਾਹ

ਏਸ ਦੁਨੀਆਂ ਨੂੰ ਸਮਝਾ ਰੱਬਾ
ਇਹਨੂੰ ਸਿੱਧੇ ਰਸਤੇ ਪਾ ਰੱਬਾ
ਇੱਥੇ ਧੀ ਜੰਮਦੀ ਤੋਂ ਰੋਂਦੇ ਨੇ
ਨਾ ਚੜੇ ਕਿਸੇ ਨੂੰ ਚਾਅ ਰੱਬਾ
ਬੜਾ ਦੁਖੀ ਹੁੰਦਾ ਏ ਮਨ ਉਦੋਂ
ਜਦੋਂ ਕੁੰਝ ਵਿਛੜਦੀ ਡਾਰੋਂ ਏ
ਇਹ ਮੋਹ ਮਮਤਾ ਵੀ ਕੈਸੀ ਏ
ਕਿਉਂ ਦਵੇ ਵਿਛੋੜੇ ਪਾ ਰੱਬਾ
ਜੇ ਦਿਲ ਦੀ ਮੰਨ ਕੇ ਤੁਰਦੇ ਆਂ
ਨਾ ਚੈਨ ਕਿਤੇ ਵੀ ਮਿਲਦਾ ਏ
ਇੱਥੇ ਲੱਖਾਂ ਆਸ਼ਕ ਫਿਰਦੇ ਨੇ
ਕੀਹਨੂੰ ਲਈਏ ਯਾਰ ਬਣਾ ਰੱਬਾ
ਇੱਥੇ ਸੋਹਣੀਆਂ ਸ਼ਕਲਾਂ ਬਹੁਤ ਰੱਬਾ
ਪਰ ਮਨ ਵਿੱਚ ਪੂਰੀ ਖੋਟ ਭਰੀ
ਨਾ ਭੇਦ ਕਿਸੇ ਦਾ ਪਾ ਹੋਵੇ
ਬੰਦਾ ਵਿਕਦਾ ਐ ਹਰ ਥਾਂ ਰੱਬਾ
ਕਿਉਂ ਚਿੱਟਾ ਹੋ ਰਿਹਾ ਖੂਨ ਦੇਖੋ
ਕਿਉਂ ਰੱਬ ਨੂੰ ਗਏ ਭੁਲਾ ਰੱਬਾ
ਆਖੇ 'ਕਮਲ' ਤੂੰ ਬਖਸ਼ੀ ਇਹਨਾਂ ਨੂੰ
ਜਿਹੜੇ ਕਰਦੇ ਰਹਿਣ ਗੁਨਾਹ ਰੱਬਾ
ਜਿਹੜੇ ਕਰਦੇ ਰਹਿਣ ਗੁਨਾਹ ਰੱਬਾ।
00

ਮਹਿਮਾਨ

ਉਹ ਸ਼ਹਿਰ ਮੇਰੇ ਵਿਚ ਬਣ ਕੇ ਮਹਿਮਾਨ ਆਇਆ ਏ
ਲਗਦਾ ਭੁੱਲੀਆਂ ਯਾਦਾਂ ਨੂੰ ਤੜਫਾਣ ਆਇਆ ਏ
ਜਿਹੜੀ ਵਰਿਆਂ ਤੋਂ ਹੋਈ ਨਾ ਚਲਚਲ ਦਿਲ ਅੰਦਰ
ਉਸੇ ਅੱਗ ਨੂੰ ਅੱਜ ਉਹ ਭੜਕਾਣ ਆਇਆ ਏ
ਉਹ ਸ਼ਹਿਰ ਮੇਰੇ ਵਿੱਚ ਬਣ ਕੇ ਮਹਿਮਾਨ ਆਇਆ
ਉਹ ਰਾਹ ਜਿਹੜੇ ਸੁੰਨੇ ਵਰਿਆਂ ਤੋਂ ਦਿਸਦੇ ਸੀ
ਅੱਜ ਉਹਨੀਂ ਰਾਹੀਂ ਫੁੱਲਾਂ ਨੂੰ ਮਹਿਕਾਣ ਆਇਆ ਏ
ਦਿਲ ਦੀ ਧੜਕਨ ਕਾਸਤੋਂ ਹੈ ਵਧ ਰਹੀ ਮੇਰੀ
ਉਹ ਰੂਹ ਦਾ ਹੋਕੇ ਵੀ ਬਣ ਅਣਜਾਣ ਆਇਆ ਏ
ਉਹ ਸ਼ਹਿਰ ਮੇਰੇ ਵਿੱਚ ਬਣ ਕੇ ਮਹਿਮਾਨ ਆਇਆ ਏ
ਇਹ ਜਿੰਦਗੀ ਹਨੇਰ ਏ, ਨਾ ਆਸ ਤੇ ਉਮੀਦ ਸੀ
ਹੁਣ ਤਾਂ ਲੱਗਦਾ ਜਿੰਦਗੀ ਬਸ ਮੌਤ ਦੇ ਕਰੀਬ ਸੀ
ਉਹ ਬੁੱਝਦੀ ਹੋਈ ਲੋਅ ਨੂੰ ਰੁਸ਼ਨਾਉਣ ਆਇਆ ਏ
ਉਹ ਸ਼ਹਿਰ ਮੇਰੇ ਵਿਚ ਬਣ ਕੇ ਮਹਿਮਾਨ ਆਇਆ ਏ
ਲਗਦਾ ਭੁੱਲੀਆਂ ਯਾਦਾਂ ਨੂੰ ਤੜਫਾਣ ਆਇਆ ਏ
ਉਹ ਸ਼ਹਿਰ ਮੇਰੇ ਵਿੱਚ ਬਣ ਕੇ ਮਹਿਮਾਨ ਆਇਆ ਏ।

00

ਭੁੱਲ ਵਰਗੀ

ਮੈਂ ਤਾਂ ਪੀਰਾਂ ਦਰ ਹੋਈ ਕਿਸੇ ਭੁੱਲ ਵਰਗੀ
ਮੈਂ ਤਾਂ ਟਾਹਣੀ ਨਾਲੋਂ ਟੁੱਟੇ ਕਿਸੇ ਫੁੱਲ ਵਰਗੀ
ਸਾਨੂੰ ਹੀਰਿਆਂ ਦੇ ਭਾਅ ਕਿਸੇ ਨਹੀਉਂ ਤੱਕਿਆ
ਮੈਂ ਤਾਂ ਸ਼ੁਰੂ ਤੋਂ ਹੀ ਰਹੀ ਕੌਡੀ ਮੁੱਲ ਵਰਗੀ
ਬੜਾ ਦਿਲ 'ਚੋਂ ਲੁਕਾਇਆ ਦੇਖ ਕਿਵੇਂ ਗ਼ਮ ਨੂੰ
ਚੀਜ ਬਣੀ ਨਾ ਮੈਂ ਕਦੇ ਅਣਮੁੱਲ ਵਰਗੀ
ਮੈਂ ਪੀਰਾਂ ਦਰ ਹੋਈ ਕਿਸੇ ਭੁੱਲ ਵਰਗੀ
ਮੈਂ ਤਾਂ ਟਾਹਣੀ ਨਾਲੋਂ ਟੁੱਟੇ ਕਿਸੇ ਫੁੱਲ ਵਰਗੀ
ਮੇਰੇ ਮਨ ਵਿੱਚ ਰਹੀ ਭਾਵੇਂ ਛਾਈ ਹੀ ਉਦਾਸੀ
ਹਰ ਰੀਝ ਭਾਵੇਂ ਰਹੀ ਮੇਰੀ, ਉਮਰਾਂ ਦੀ ਪਿਆਸੀ
ਨਹੀਉਂ ਰੋਸ਼ਨ ਚਿਰਾਗ, ਮੈਂ ਸ਼ਮ੍ਹਾਂ ਗੁੱਲ ਵਰਗੀ
ਮੈਂ ਤਾਂ ਟਾਹਣੀ ਨਾਲੋਂ ਟੁੱਟੇ ਕਿਸੇ ਫੁੱਲ ਵਰਗੀ
ਚੁੱਪ ਬੁੱਲ੍ਹਾਂ ਉਤੇ ਵੱਟੀ, ਗੱਲ ਕਿਸੇ ਨੂੰ ਨਹੀਂ ਦੱਸੀ
ਉਹਦਾ ਨਾਮ ਬਸ ਦਿਲ ਵਿੱਚ ਗਏ ਅਸੀਂ ਰੱਟੀ
ਰਹੀ ਹਰ ਇੱਕ ਰੀਝ ਦਿਲ ਵਿੱਚ ਮਰਦੀ
ਮੈਂ ਤਾਂ ਟਾਹਣੀ ਨਾਲੋਂ ਟੁੱਟੇ ਕਿਸੇ ਫੁੱਲ ਵਰਗੀ
ਮੈਂ ਤਾਂ ਪੀਰਾਂ ਦਰ ਹੋਈ ਕਿਸੇ ਭੁੱਲ ਵਰਗੀ।

00

ਦਾਜ ਦੀ ਲਾਹਣਤ

ਅੱਜ ਫਿਰ ਕੁਰਲਾਈ ਇੱਕ ਮਾਂ ਦੀ ਮਮਤਾ
ਤੇ ਚੜੀ ਇੱਕ ਮਾਸੂਮ ਦਾਜ ਦੀ ਬਲੀ
ਜੀਹਨੂੰ ਲਾਡਾਂ ਨਾਲ ਸੀ ਪਾਲਿਆ
ਜੋ ਸੀ ਕਿਸੇ ਸੋਹਣੇ ਬਾਗ ਦੀ ਕਲੀ
ਨਾ ਹੱਥੋਂ ਮਹਿੰਦੀ ਉੱਤਰੀ ਸੀ
ਨਾ ਚਾਅ ਹੀ ਪੂਰੇ ਹੋਏ ਸੀ
ਹੱਥੀਂ ਤੋਰ ਕੇ ਆਪਣੀ ਲਾਡੋ ਨੀ
ਮਾਪੇ ਕੱਲਿਆਂ ਬੈਠ ਕੇ ਰੋਏ ਸੀ
ਰੱਖ ਸਕਦੇ ਕਾਹਤੋਂ ਕੋਲ ਨਹੀਂ
ਕਿਉਂ ਸਹੁਰੀ ਧੀਆਂ ਤੋਰ ਦਿੰਦੇ
ਇਹ ਧਨ ਵਿਗਾਨਾ ਕਿਉਂ ਹੁੰਦੀਆਂ
ਜੋ ਗੈਰਾਂ ਖਾਤੇ ਜੋੜ ਦਿੰਦੇ
ਕਿਉਂ ਮਾੜੀ ਕਿਸਮਤ ਧੀਆਂ ਦੀ
ਇਹ ਬਲੀ ਦਾਜ ਦੀ ਚੜਦੀਆਂ ਨੇ
ਇਹ ਸੀਅ ਨਾ ਕਰਦੀਆਂ ਮੂੰਹ ਵਿੱਚੋਂ
ਪਰ ਫਿਰ ਵੀ ਅੱਗ ਵਿੱਚ ਸੜਦੀਆਂ ਨੇ
'ਕਮਲ' ਖਤਮ ਹਊ ਕਦੋਂ ਦੁਨੀਆਂ 'ਚੋਂ
ਨੂੰਹਾਂ ਨੂੰ ਮਾਰ ਮੁਕਾਉਣਾ ਏ
ਕਦੋਂ ਮੁੱਕੂ 'ਦਾਜ ਦੀ ਲਾਹਣਤ' ਏ
ਕਦੋਂ ਖਤਮ ਹਊ ਤੜਫਾਉਣਾ ਏ
ਕਦੋਂ ਖਤਮ ਹਊ ਤੜਫਾਉਣਾ ਏ....

00

ਇਸ਼ਕ ਝਨਾਂ

ਅਸੀਂ ਬਿਰਹੋਂ ਦੀ ਰੁੱਤ ਵਰਗੇ ਵੇ
ਤੂੰ ਮਸਤ ਬਹਾਰਾਂ ਵਰਗਾ ਏ
ਕੀ ਲੈਣਾ ਸਾਡੇ ਹੰਝੂਆਂ ਤੋਂ
ਸਾਡਾ ਇਸ਼ਕ ਬਿਨਾਂ ਹੁਣ ਸਰਦਾ ਏ
ਸਾਡਾ ਇੱਕ ਇੱਕ ਹੰਝੂ ਲੱਖਾਂ ਦਾ
ਹੁਣ ਸਾਗਰ ਬਣ ਬਣ ਬਹਿੰਦਾ ਏ
ਉਹਨੂੰ ਇਸ਼ਕ ਝਨਾਂ ਹੀ ਡੋਬ ਦਿੰਦਾ
ਜਿਹੜਾ ਰਾਹ ਇਸ਼ਕੇ ਦੇ ਪੈਂਦਾ ਏ
ਉਹਨੂੰ ਇਸ਼ਕ ਝਨਾਂ ਹੀ ਡੋਬ ਦਿੰਦਾ
ਜਿਹੜਾ ਰਾਹ ਇਸ਼ਕੇ ਪੈਂਦੇ ਏ
ਇਹ ਰਾਹ ਇਸ਼ਕੇ ਦੇ ਔਖੇ ਨੇ
ਨਾ ਮੁੱਕਣ ਵਾਟਾਂ ਦੂਰ ਦੀਆਂ
ਜਦੋਂ ਸੱਜਣ ਵੀ ਮੁੱਖ ਮੋੜ ਜਾਂਦੇ
ਉਦੋਂ ਖੁਸ਼ੀਆਂ ਵੀ ਜਿਵੇਂ ਘੂਰਦੀਆਂ
ਪਰ ਕਿਵੇਂ ਭੁਲਾਈਏ ਦਸ ਉਹਨੂੰ
ਜਿਹੜੇ ਦਿਲ ਵਿੱਚ ਸਾਡੇ ਰਹਿੰਦੇ ਨੇ
ਉਹਨੂੰ ਇਸ਼ਕ ਝਨਾਂ ਹੀ ਡੋਬ ਦਿੰਦਾ
ਜਿਹੜੇ ਰਾਹ ਇਸ਼ਕੇ ਦੇ ਪੈਂਦੇ ਨੇ...
'ਕਮਲ' ਏ ਪੀੜਾ ਹਿਜਰ ਦੀਆਂ
ਬਸ ਦਿਲ ਵਿੱਚ ਸਾਂਭ ਕੇ ਰੱਖੀਂ ਤੂੰ
ਚਾਹੇ ਆਵੇ ਲੱਖ ਹਨੇਰੀ ਵੀ
ਪਰ ਦੁੱਖ ਨਾ ਆਪਣਾ ਦੱਸੀਂ ਤੂੰ
ਇਹ ਸੱਜਣ ਫਿੱਕੇ ਰੰਗ ਵਰਗੇ
ਜਿਹੜੇ ਦੋ ਧੋ ਪਾਇਆ ਲੈਂਦੇ ਨੇ
ਉਹਨੂੰ ਇਸ਼ਕ ਝਨਾਂ ਹੀ ਡੋਬ ਦਿੰਦਾ
ਜਿਹੜੇ ਰਾਹ ਇਸ਼ਕੇ ਦੇ ਪੈਂਦੇ ਨੇ....

00

ਸੱਚੀ ਦਰਗਾਹ

ਜੇ ਤੂੰ ਖੁਸ਼ੀਆਂ ਚ ਖੇਡੇ, ਮਨੋ ਰੱਬ ਨਾ ਭੁਲਾ
ਜਿਵੇਂ ਸੁੱਖ ਨੇ ਹੰਡਾਏ, ਰਾਮ ਉਮੇ ਸੀਨੇ ਲਾ
ਜੇ ਤੂੰ ਖੁਸ਼ੀਆਂ 'ਚ ਖੇਡੇ, ਮਨੋ ਰੱਬ ਨਾ ਭੁਲਾ....
ਕਦੇ ਮੰਦਾ ਨਾ ਤੂੰ ਬੋਲੀ, ਬਹਿ ਕੇ ਤੇਰਾਂ-ਤੇਰਾਂ ਤੋਲੀ
ਬਾਬੇ ਨਾਨਕ ਦੀ ਬਾਣੀ ਗਈ, ਸੱਚ ਏ ਸੁਣਾ
ਜੇ ਤੂੰ ਖੁਸ਼ੀਆਂ 'ਚ ਖੇਡੇ, ਮਨੋ ਰੱਬ ਨਾ ਭੁਲਾ....
ਪਾਈ ਮਨਾਂ ਚ ਨਾ ਵੈਰ, ਨਾ ਤੂੰ ਜਾਤ-ਪਾਤ ਦੇਖੀਂ
ਬੰਦੇ ਰੱਬ ਦੇ ਬਣਾਏ, ਮੱਥਾਂ ਚਰਨਾਂ 'ਚ ਟੇਕੀਂ
ਸਾਰੇ ਹਿੰਦੂ ਅਤੇ ਸਿੱਖ, ਸਾਡਾ ਉੱਚਾ ਏ ਖੁਦਾ
ਜੇ ਤੂੰ ਖੁਸ਼ੀਆਂ 'ਚੋਂ ਖੇਡੇ, ਮਨੋਂ ਰੱਬ ਨਾ ਭੁਲਾ....
ਆਖੇ ਗੁਰੂਆਂ ਦੀ ਬਾਣੀ, ਸੱਚੀ ਜੱਗ ਤੇ ਕਹਾਣੀ
ਸਾਡਾ ਸੁੱਚਾ ਏ ਖਵਾਜਾ, ਜੀਹਦਾ ਠੰਡਾ ਮਿੱਠਾ ਪਾਣੀ
ਜਾ ਕੇ ਪੀਰਾਂ ਦਰ ਭੁੱਲ, ਜਿਹੜੀ ਹੋਈ ਏ ਮਾ
ਜੇ ਤੂੰ ਖੁਸ਼ੀਆਂ 'ਚ ਖੇਡੇ, ਮਨੋਂ ਰੱਬ ਨਾ ਭੁਲਾ...
ਜੀਹਨੇ ਦੁਨੀਆਂ ਬਣਾਈ, ਉਹਦੇ ਹੱਥ ਨੇ ਇਹ ਡੋਰਾਂ
ਜਿਵੇਂ ਪੈਸਾ ਤੈਨੂੰ ਮੁੱਖ ਉਮੇਂ ਮਾੜੇ ਨੂੰ ਵੀ ਲੋੜਾਂ
ਕਰ ਦਾਨ ਵਿੱਚੋਂ ਥੋੜਾ, ਸਾਰੇ ਤੇਰੇ ਹੀ ਭਰਾ
ਜੇ ਤੂੰ ਖੁਸ਼ੀਆਂ 'ਚ ਖੇਡੇ ਮਨੋਂ ਰੱਬ ਨਾ ਭੁਲਾ
ਚਾਹੇ ਕਿੰਨੇ ਲਾਈ ਜਿੰਦੇ, ਮੌਤ ਸੱਚ ਏ ਬਣਾਈ
ਸੱਚੀ ਦਰਗਾਹ 'ਚ ਜਾਣਾ, ਬੈਠਾਂ ਦਿਲੋਂ ਕਿਉਂ ਭੁਲਾਈ
'ਕਮਲ' ਉਹਦੇ ਦਰ ਜਾ ਕੇ, ਕੋਈ ਬਣੇ ਨਾ ਗਵਾਹ
ਜੇ ਤੂੰ ਖੁਸ਼ੀਆਂ 'ਚ ਖੇਡੇਂ ਮਨੋਂ ਰੱਬ ਨਾ ਭੁਲਾ
ਜੇ ਤੂੰ ਖੁਸ਼ੀਆਂ 'ਚ ਖੇਡੇਂ ਮਨੋਂ ਰੱਬ ਨਾ ਭੁਲਾ....
00

ਸਾਂਝ

ਵਕਤ ਨੇ ਚਾਹਿਆ ਫੇਰ ਮਿਲਾਂਗੇ ਵੇ ਸੱਜਣਾ
ਇਸ ਦੂਰੀ ਨੇ ਹੀ ਸਾਂਝ ਦਿਲਾਂ ਦੀ ਰੱਖੀ ਐ
ਅੱਜ ਲਿਖਣ ਲੱਗੀ ਹਾਂ ਚੇਤੇ ਕਰਕੇ ਤੈਨੂੰ ਮੈਂ
ਤਾਂ ਹੀ ਕਲਮ ਤੇਰੇ ਲਈ ਫਿਰ ਅੱਜ ਮੈਂ ਚੱਕੀ ਐ
ਵਕਤ ਨੇ ਚਾਹਿਆ ਫੇਰ ਮਿਲਾਂਗੇ ਵੇ ਸੱਜਣਾ
ਇਸ ਦੂਰੀ ਨੇ ਹੀ ਸਾਂਝ ਦਿਲਾਂ ਦੀ ਰੱਖੀ ਐ
ਤੂੰ ਭੁੱਲਦਾ ਨਹੀਂ ਭੁਲਾਇਆ ਵਸਦਾ ਏ ਵਿੱਚ ਸਾਹਾਂ ਦੇ
ਕਦੇ ਸੁਪਨੇ ਦੇ ਵਿੱਚ ਦਿਸਦੀਆਂ ਮੈਨੂੰ ਉਹੀ ਰਾਵਾਂ ਨੇ
ਜਿੰਨੀ ਰਾਹੀਂ ਇਸ਼ਕ ਕਮਾਏ, ਇਹ ਗੱਲ ਸੱਚੀ ਐ ਸੱਜਣਾ
ਇਸ ਦੂਰੀ ਨੇ ਹੀ ਸਾਂਝ ਦਲਾਂ ਦੀ ਰੱਖੀ ਐ ਸੱਜਣਾ
ਤੇਰਾ ਹੱਸਦਾ ਚਿਹਰਾ ਦਿਸਦਾ ਤਾਂ ਦਿਨ ਲੰਘ ਜਾਂਦਾ
ਨਹੀਂ ਰੌਂਦੇ ਰਹਿੰਦੇ ਅਸੀਂ ਵੀ ਬਹਿ ਕੇ ਕੱਲ ਵੇ
ਅਸੀਂ ਸੋਂ ਜਾਂਦੇ ਹਾਂ ਵਕਤ ਤੋਂ ਪਹਿਲਾਂ ਤੇਰੇ ਲਈ
ਅੱਜ ਮਿਲਣ ਸੱਜਣ ਨੂੰ ਇਹ ਸੁਪਨੇ ਦੇ ਚੱਲੇ ਵੇ
ਖੋਰੇ ਆਉਣਾ ਏ ਜਾ ਨਹੀਂ ਉਹਨਾਂ ਸਾਡੇ ਸੁਪਨੇ ਵਿੱਚ
ਝਾਕ ਮੈਨੂੰ ਪਰ ਉਹਦੇ ਉਤੇ ਪੱਕੀ ਐ
ਵਕਤ ਨੇ ਚਾਹਿਆ ਫੇਰ ਮਿਲਾਂਗੇ ਵੇ ਸੱਜਣਾ
ਇਸ ਦੂਰੀ ਨੇ ਹੀ ਸਾਂਝ ਦਿਲਾਂ ਦੀ ਰੱਖੀ ਐ।
00

ਖਬਰ ਸਾਰੇ ਜੱਗ ਦੀ

ਵਿਰਸਾ ਆਪਣਾ ਦਿਨੋ ਦਿਨ ਨਿਗਰਦਾ ਹੈ ਜਾ ਰਿਹਾ
ਇਸਦੇ ਵਾਰੇ ਸੋਚ ਕੇ ਕੋਈ ਨਹੀਂ ਘਬਰਾ ਰਿਹਾ
ਨਸ਼ਿਆਂ ਦੇ ਵਿੱਚ ਡੁੱਬ ਰਹੀ, ਜਵਾਨੀ ਵਾਲੀ ਲਹਿਰ ਏ
ਭਰੂਣ ਹੱਤਿਆ ਵਾਲਾ ਵੀ ਕੁਝ ਵਧ ਰਿਹਾ ਹੁਣ ਕਹਿਰ ਏ
ਬੇਰੁਜ਼ਗਾਰੀ ਵਧ ਰਹੀ ਰੁਜ਼ਗਾਰ ਨਹੀਂ ਮਿਲ ਰਿਹਾ
ਤਾਹੀਂ ਤਾਂ ਪੰਜਾਬ ਹੁਣ ਇੱਕ ਟਾਹਣੀ ਵਾਂਗੂੰ ਹਿੱਲ ਰਿਹਾ
ਗੁਰੂਆਂ ਪੀਰਾਂ ਦੀ ਏ ਧਰਤੀ, ਪੰਜ ਦਰਿਆ ਨੇ ਠਹਿਰਦੇ
ਪਰ ਹੁਣ ਪੰਜਾਬ ਡੁੱਬ ਰਿਹਾ, ਨਸ਼ਿਆਂ ਦੀ ਵਿਚ ਲਹਿਰ ਦੇ
ਗੱਭਰੂ ਇਸ ਪੰਜਾਬ ਦੇ, ਪੰਜਾਬੀਅਤ ਨੂੰ ਭੁੱਲ ਰਹੇ
ਇਹ ਪੱਛਮੀ ਸੱਭਿਆਚਾਰ ਦੇ ਉਤੇ ਕਾਹਤੋਂ ਡੁੱਲ ਰਹੇ
ਬਦਲੂਗਾ ਕੌਣ ਹੁਣ, ਇਹਨਾਂ ਲੋਕਾਂ ਦੀ ਇਸ ਸੋਚ ਨੂੰ
ਵਿਸਰ ਜਾਣਾ ਵਿਰਸਾ ਇਹਨਾਂ ਹੱਥੋਂ ਕਿਸੇ ਰੋਜ਼ ਨੂੰ
ਲੋੜ ਹੈ ਹੁਣ ਆਪਣੇ ਇਸ ਵਿਰਸੇ ਨੂੰ ਬਚਾਉਣ ਦੀ
ਸੋਹਣੀ ਸੋਚ ਰੱਖ ਕੇ ਜਿੰਦਗੀ ਜਿਊਣ ਦੀ
ਕਰ ਦੁਆ ਉਹਦੇ ਮੂਹਰੇ, ਜੀਹਨੂੰ ਖਬਰ ਸਾਰੇ ਜੱਗ ਦੀ
ਸੋਹਣੇ ਇਸ ਪੰਜਾਬ ਨੂੰ 'ਕਮਲ' ਨਜਰ ਹੈ ਕਾਹਤੋਂ ਲੱਗਦੀ
ਸੋਹਣੇ ਇਸ ਪੰਜਾਬ ਨੂੰ ਹੈ ਨਜਰ ਕਾਹਤੋਂ ਲੱਗਦੀ।

00

ਅਹਿਸਾਸ

ਦਿਲ ਕਰਦਾ ਏ ਕਿ ਅੱਜ ਉਹਦੇ ਲਈ ਕੁਝ ਕਰ ਜਾਵਾਂ
ਜੇ ਉਹ ਹੈ ਜਿੱਤਣਾ ਚਾਅ ਰਿਹਾ, ਤਾਂ ਮੈਂ ਹੀ ਉਸਤੋਂ ਹਰ ਜਾਵਾਂ
ਉਹ ਰੱਬ ਮੇਰਾ ਬਣ ਗਿਆ, ਮੈਂ ਪੂਜਾ ਉਸਦੀ ਕਰ ਰਹੀ
ਮੈਂ ਧੋ ਲਵਾਂ ਕਿਸੇ ਪਾਪ ਨੂੰ, ਤੇ ਪੂਜਾ ਕਰਕੇ ਤਰ ਜਾਵਾਂ
ਨਾ ਉਹਨੂੰ ਦਿਸਣੇ ਮੇਰਿਆ ਨੈਣਾਂ ਦੇ ਹੰਝੂ ਕਿਰ ਰਹੇ
ਕਿਤੇ ਮੈਂ ਹੀ ਇਹਨਾਂ ਹੰਝੂਆਂ ਵਿੱਚ ਡੁੱਬ ਕੇ ਨਾ ਮਰ ਜਾਵਾਂ
ਨਾ ਉਹਨੇ ਮੈਨੂੰ ਪੁੱਛਿਆ, ਨਾ ਅਸੀਂ ਹੀ ਕੁਝ ਆਖਿਆ
ਅੱਜ ਸੋਚਿਆ ਮੈਂ ਬੈਠ ਕੇ ਹਿਸਾਬ ਪੂਰਾ ਕਰ ਜਾਵਾਂ
ਖੁੱਲ ਕੇ ਕਹੀ ਨਾ ਅੱਜ ਤੱਕ ਬੁੱਲਾਂ ਤੇ ਆਈ ਬਾਤ ਸੀ
ਕਿੱਥੋਂ ਲੱਭ ਰਹੀ ਤੂੰ ਚਾਨਣੀ, ਇਹ ਤਾਂ ਹਨੇਰੀ ਰਾਤ ਸੀ
ਮਿਲਣਾ ਨਹੀਂ ਮੈਨੂੰ ਉਸ ਤੇ ਬਸ ਲਿਖਣਾ ਹੀ ਕੁਝ ਖਾਸ ਸੀ
ਇਹ 'ਕਮਲ' ਕੈਸੀ ਜਿੰਦਗੀ, ਜਿੱਥੇ ਗਮ ਨੇ ਰਹਿੰਦੇ ਤੜਫਦੇ
ਪਰ ਇਹ ਤਾਂ ਕਿਸੇ ਰੂਹ ਦਾ ਕੋਈ ਸੋਹਣਾ ਜਿਹਾ ਅਹਿਸਾਸ ਸੀ
ਪਰ ਇਹ ਤਾਂ ਕਿਸੇ ਰੂਹ ਦਾ ਕੋਈ ਸੋਹਣਾ ਜਿਹਾ ਅਹਿਸਾਸ ਸੀ।

00

ਖਾਮੋਸ਼ੀ

ਖਾਮੋਸ਼ੀ ਵੀ ਕੁਝ ਬੋਲਦੀ ਹੈ
ਜਦ ਦਿਲ ਵਿੱਚ ਕੋਈ ਗਮ ਹੋਵੇ
ਹੰਝੂ ਵੀ ਕੁਝ ਆਖਦੇ ਨੇ
ਜਦੋਂ ਅੱਖ ਕਿਸੇ ਦੀ ਨਮ ਹੋਵੇ
ਅਹਿਸਾਨ ਉਸਦਾ ਮੰਨੀਏ
ਜੋ ਦਵੇ ਦਲਾਸਾ ਜਿੰਦ ਨੂੰ
ਜੇ ਉਸਦੇ ਹੌਸਲੇ ਨਾਲ
ਮੇਰਾ ਦਰਦ ਕੁਝ ਕਮ ਹੋਵੇ
ਖਾਮੋਸ਼ੀ ਵੀ ਕੁਝ ਬੋਲਦੀ ਹੈ
ਜਦ ਦਿਲ ਵਿੱਚ ਕੋਈ ਗਮ ਹੋਵੇ
ਕੱਲਿਆਂ ਗੁਜਾਰ ਲਵਾਂ
ਜਿੰਦਗੀ ਏ ਬੈਠ ਕੇ
ਜੇ ਮਹਿਲ ਉਸਦੀ ਸੋਚ ਦਾ
ਤੇ ਹਰ ਯਾਦ ਉਸਦਾ ਥੰਮ ਹੋਵੇ
ਖਾਮੋਸ਼ੀ ਵੀ ਕੁਝ ਬੋਲਦੀ ਹੈ
ਜਦੋਂ ਦਿਲ ਵਿੱਚ ਕੋਈ ਰਾਮ ਹੋਵੇ
ਹੰਝੂ ਵੀ ਕੁਝ ਆਖਦੇ ਨੇ
ਜਦੋਂ ਅੱਖ ਕਿਸੇ ਦੀ ਨਮ ਹੋਵੇ।

00

ਵਿਸਰੀ ਯਾਦ

ਇੱਕ ਭੁੱਲੀ ਵਿਸਰੀ ਯਾਦ ਨੇ
ਅੱਜ ਫਿਰ ਰਵਾਇਆ ਏ
ਵਰਿਆਂ ਪਿੱਛੋਂ ਜਿਵੇਂ ਕੋਈ
ਮੈਨੂੰ ਯਾਦ ਆਇਆ ਏ
ਇੱਕ ਭੁੱਲੀ ਵਿਸਰੀ ਯਾਦ ਨੇ
ਅੱਜ ਫਿਰ ਰਵਾਇਆ ਏ
ਅਹਿਸਾਨ ਉਸਦਾ ਆਖੀਏ
ਜੋ ਦਿਲ ਵਿੱਚ ਧੜਦਿਆ
ਇਹ ਬੰਦ ਬੂਹਾ ਆਸ ਦਾ
ਹੈ ਫਿਰ ਤੋਂ ਖੜਕਿਆ
ਮਹਿਮਾਨ ਬਣਕੇ ਆਈ ਏ
ਯਾਦਾਂ ਦੀ ਬੇਰੁਖੀ
ਪਰ ਬੇਰੁਖੀ ਨੂੰ ਫਿਰ ਵੀ
ਮੈਂ ਸੀਨੇ ਲਾਇਆ ਏ
ਇੱਕ ਭੁੱਲੀ ਵਿਸਰੀ ਯਾਦ ਨੇ
ਅੱਜ ਫਿਰ ਰਵਾਇਆ ਏ
ਵਰਿਆਂ ਪਿੱਛੋਂ ਜਿਵੇਂ ਕੋਈ
ਮੈਨੂੰ ਯਾਦ ਆਇਆ ਏ
ਵਰ੍ਹਿਆਂ ਪਿੱਛੋਂ ਜਿਵੇਂ ਕੋਈ
ਮੈਨੂੰ ਯਾਦ ਆਇਆ ਏ.....

00

ਕੁੱਖ ਦਾ ਕਤਲ

ਅੱਜ ਫੇਰ ਇੱਕ ਮਾਂ ਦੀ ਕੁੱਖ ਦਾ ਕਤਲ ਹੋਇਆ ਹੈ।
ਨਾ ਫੈਸਲਾ ਉਸ ਜਾਲਦ ਦਾ ਕਾਹਤੋਂ ਬਦਲ ਹੋਇਆ ਹੈ।
ਹੈ ਵੰਸ਼ ਤਾਂ ਉਸੇ ਦਾ ਹੀ, ਨਾ ਰਹਿਮ ਉਸਨੂੰ ਆ ਰਿਹਾ
ਮਾਂ ਨੇ ਤਾਂ ਜਿਵੇਂ ਆਪਣਾ, ਸਭ ਕੁਝ ਹੀ ਖੋਇਆ ਹੈ
ਅੱਜ ਫੇਰ ਇੱਕ ਮਾਂ ਦੀ ਕੁੱਖ ਦਾ ਕਤਲ ਹੋਇਆ ਹੈ....
ਕਈ ਸੁਪਨੇ ਦੇਖੇ ਉਸ ਨੇ ਤੇ ਪਾਲਿਆ ਏ ਫੁੱਲ ਨੂੰ
ਜਿਹਨੇ ਵੰਸ਼ ਅੱਗੇ ਤੋਰਨਾ, ਤੇ ਤੋਰਨਾ ਏਸ ਕੁੱਲ ਨੂੰ
ਜਦ ਪਤਾ ਲੱਗਿਆ ਉਸਨੂੰ, ਉਹ ਪੁੱਤ ਨਹੀਂ ਇੱਕ ਕਲੀ ਏ
ਇਹਨਾਂ ਜਾਲਮਾਂ ਦੇ ਹੱਥੋਂ ਅੱਜ ਚੜ ਰਹੀ ਉਹ ਬਲੀ ਏ
ਇਹ ਰੱਬਾ ਕੈਸਾ ਕਹਿਰ ਏ, ਨਾ ਤਰਸ ਕੋਈ ਕਰ ਰਿਹਾ
ਕਿਤੇ ਮਾਂ ਦੀ ਮਮਤਾ ਰੋ ਰਹੀ, ਕਿਤੇ ਅੰਸ਼ ਉਸਦਾ ਮਰ ਰਿਹਾ
ਉਹ ਵੀ ਤਾਂ ਇੱਕ ਧੀ ਸੀ, ਜੋ ਸੱਸ ਅੱਜ ਕਹਾ ਰਹੀ
ਫਿਰ ਕਿਉਂ ਅੱਜ ਇੱਕ ਔਰਤ ਹੀ ਔਰਤ ਨੂੰ ਹੈ ਮਰਾ ਰਹੀ
ਇਹ ਸੋਚ ਕੈਸੀ ਹੋ ਰਹੀ, ਕਿਉਂ ਧੀਆਂ ਜੰਮਦੀਆਂ ਮਾਰਦੇ
ਇੱਕ ਔਰਤ ਹੀ ਜੰਗ ਜਿੱਤਦੀ, ਬਾਕੀ ਤਾਂ ਸਾਰੇ ਹਾਰਦੇ
ਜੇ ਜੱਗ ਤੇ ਨਾ ਔਰਤ ਰਹੀ, ਤਾਂ ਜੱਗ ਦਾ ਵੀ ਜੀਣਾ ਨਹੀਂ
ਨਾ ਸ਼ਗਨ ਕਿਸੇ ਮਨਾਵਣੇ, ਪਾਣੀ ਵਾਰ ਕੇ ਪੀਣਾ ਨਹੀਂ
ਫਿਰ ਛੱਡੋ ਲੋਕੋ ਕਿਉਂ ਤੁਸੀਂ ਐਵੇਂ ਮਾੜੀ ਸੋਚ ਸੋਚਦੇ
ਕਈ 'ਕਮਲ' ਵਰਗੇ ਲੋਕ ਨੇ, ਜਿਹੜੇ ਧੀਆਂ ਜੱਗ ਤੇ ਲੋਚਦੇ
ਜਿਹੜੇ ਧੀਆਂ ਜੱਗ ਤੇ ਲੋਚਦੇ

00

ਮੈਂ ਲਿਖ ਰਹੀ ਹਾਂ

ਮੈਂ ਲਿਖਾਂਗੀ ਤੇ ਸਮਾਜ ਪੜ੍ਹੇਗਾ
ਫਿਰ ਹਰ ਕੋਈ ਕਿਸਮਤ ਨਾਲ ਲੜੇਗਾ
ਮੈਂ ਲਿਖਾਂਗੀ ਅੱਤਿਆਚਾਰ ਵਾਰੇ
ਫਿਰ ਨਾ ਕੋਈ ਅੱਤਿਆਚਾਰ ਕਰੇਗਾ
ਮੈਂ ਲਿਖਾਂਗੀ ਇੱਕ ਔਰਤ ਲਈ
ਫਿਰ ਨਾ ਕੋਈ ਔਰਤ ਨੂੰ ਮਜ਼ਬੂਰ ਕਰੇਗਾ
ਮੈਂ ਲਿਖਾਂਗੀ ਭਰੂਣ ਹੱਤਿਆ ਤੇ
ਫਿਰ ਨਾ ਕੋਈ ਭਰੂਣ ਹੱਤਿਆ ਕਰੇਗਾ
ਮੈਂ ਲਿਖਾਂਗੀ ਬੇਰੁਜ਼ਗਾਰੀ ਤੇ
ਤੇ ਫਿਰ ਨਾ ਕੋਈ ਬੇਰੁਜ਼ਗਾਰ ਮਰੇਗਾ
ਇਹ ਸੰਕੇਤ ਮੈਨੂੰ ਮਿਲ ਰਿਹਾ
ਹੈ ਨਵਾਂ ਸਮਾਜ ਸਿਰਜਣਾ
ਹੈ ਨਵਾਂ ਯੁੱਗ ਆ ਰਿਹਾ
ਹਰ ਕੋਈ ਤਰੱਕੀ ਕਰੇਗਾ
ਬਸ ਸੋਚ ਨੂੰ ਬਦਲੋ ਤੁਸੀਂ
ਨਹੀਂ ਕਮੀ ਕਿਸੇ ਗੱਲ ਦੀ
ਫਿਰ ਹਰ ਬੰਦਾ ਨਵੀਂ ਸੋਚ ਦਾ
ਨਵੀਂ ਸੋਚ ਦੇ ਨਾਲ ਖੜ੍ਹੇਗਾ
'ਕਮਲ' ਤਾਂ ਬਸ ਲਿਖ ਰਹੀ
ਹੁਣ ਸੋਚਣਾ ਬਸ ਤੁਸੀਂ ਹੈ
ਮੰਜਿਲ ਨੂੰ ਪਾਉਣਾ ਜਾਂ ਨਹੀਂ
ਇਹ ਤੁਹਾਡੀ ਖੁਸ਼ੀ ਹੈ।

00

ਬਨਵਾਸ

ਮੈਂ ਬੀਤਿਆ ਹੋਇਆ ਕੱਲ ਹਾਂ
ਮੈਂ ਕੀਤੀ ਹੋਈ ਕੋਈ ਗੱਲ ਹਾਂ
ਮੈਂ ਪਾਣੀ ਦੀ ਇੱਕ ਛੱਲ ਹਾਂ
ਪਰ ਉਦਾਸ ਹਾਂ ਮੈਂ
ਮੈਨੂੰ ਲਗਦਾ ਸਾਰੀ ਉਮਰ ਦਾ
ਬਨਵਾਸ ਹਾਂ ਮੈਂ

ਮੈਂ ਪ੍ਰਛਾਵਾਂ ਹਾਂ ਉਸ ਰੂਹ ਦਾ
ਜਿਹਦਾ ਹੋ ਗਿਆ ਏ ਖਾਤਮਾ
ਮੈਂ ਇਹੋ ਜਿਹੀ ਇਨਸਾਨ ਹਾਂ
ਜਿਹਦੀ ਭਟਕੀ ਹੋਈ ਏ ਆਤਮਾ
ਪਰ ਫਿਰ ਵੀ ਆਪਣੀ ਰੂਹ ਨੂੰ
ਰਾਸ ਹਾਂ ਮੈਂ
ਮੈਨੂੰ ਲੱਗਦਾ ਸਾਰੀ ਉਮਰ ਦਾ
ਬਨਵਾਸ ਹਾਂ ਮੈਂ

ਮੇਰੀ ਸੋਚ ਕਾਹਤੋਂ ਵੱਖਰੀ
ਨਾ ਇਹਨੂੰ ਕੋਈ ਸਮਝਦਾ
ਪੜ੍ਹ ਲੈਂਦੀ ਹਾਂ ਹਰ ਵਰਕਾ ਮੈਂ
ਦਿਲ ਦੀ ਸਾਰੀ ਰਮਜ਼ ਦਾ
ਉਂਝ ਇਹਨਾਂ ਲੋਕਾਂ ਵਾਂਗੂੰ ਹੀ
ਹੱਡ ਮਾਸ ਹਾਂ ਮੈਂ
ਮੈਨੂੰ ਲੱਗਦਾ ਸਾਰੀ ਉਮਰ ਦਾ
ਬਨਵਾਸ ਹਾਂ ਮੈਂ
ਮੈਨੂੰ ਲੱਗਦਾ ਸਾਰੀ ਉਮਰ ਦਾ
ਬਨਵਾਸ ਹਾਂ ਮੈਂ....

00

ਕੁੱਝ ਗੱਲਾਂ

ਕੁੱਝ ਗੱਲਾਂ ਉਹਦੇ ਜਾਣ ਪਿੱਛੋਂ
ਮੇਰੀ ਰੂਹ ਨੂੰ ਏ ਤੜਫਾ ਰਹੀਆਂ
ਮੈਥੋਂ ਭੁੱਲ ਕਿਉਂ ਨਹੀਂ ਹੁੰਦੀ ਉਹ
ਬਣ ਯਾਦਾਂ ਮੁੜ ਮੁੜ ਆ ਰਹੀਆਂ
ਕੁਝ ਗੱਲਾਂ ਉਹਦੇ ਜਾਣ ਪਿੱਛੋਂ
ਮੇਰੀ ਰੂਹ ਨੂੰ ਏ ਤੜਫਾ ਰਹੀਆਂ....
ਕਿਤੇ ਬਿਰਹੋਂ ਦੀ ਰੁੱਤ ਲੰਘੀ ਏ
ਕਿਤੇ ਸਾਵਨ ਵਰਸੇ ਨੈਣਾਂ 'ਚੋਂ
ਇਹ ਇਸ਼ਕ ਦੀ ਦੂਰੀ ਕੈਸੀ ਏ
ਕਿਉਂ ਵਾਟਾਂ ਨੇ ਮੈਨੂੰ ਖਾ ਰਹੀਆਂ
ਕੁਝ ਗੱਲਾਂ ਉਹਦੇ ਜਾਣ ਪਿੱਛੋਂ
ਮੇਰੀ ਰੂਹ ਨੂੰ ਏ ਤੜਫਾ ਰਹੀਆਂ...
ਉਹਦੇ ਨਜ਼ਰਾਂ ਵਿੱਚ ਸ਼ਰਾਰਤ ਸੀ
ਉਹ ਪੌਣਾਂ ਵਿੱਚ ਰਸ ਘੋਲ ਜਾਂਦੀ
ਬਸ ਬੁੱਲਾਂ ਉੱਤੇ ਚੁੱਪ ਰਹਿੰਦੀ
ਚੁੱਪ ਰਹਿੰਦਿਆਂ ਵੀ ਉਹ ਬੋਲ ਜਾਂਦੀ
ਮੈਨੂੰ ਅੱਜ ਵੀ ਲੱਗਦਾ ਪੌਣਾਂ ਏ
ਮੈਨੂੰ ਉਹਦਾ ਹਾਲ ਸੁਣਾ ਰਹੀਆਂ
ਕੁਝ ਗੱਲਾਂ ਉਹਦੇ ਜਾਣ ਪਿੱਛੋਂ
ਮੇਰੀ ਰੂਹ ਨੂੰ ਏ ਤੜਫਾ ਰਹੀਆਂ
ਮੇਰੀ ਰੂਹ ਨੂੰ ਏ ਤੜਫਾ ਰਹੀਆਂ।

00

ਪਿਆਰ ਨੀ ਮੁੱਲ ਮਿਲਦਾ

ਦੇਖੇ ਨੇ ਮੈਂ ਇਸ ਦੁਨੀਆਂ ਤੇ ਦਰਦ ਬਥੇਰੇ ਏ
ਦੁੱਖ ਹੰਡਾਉਂਦੇ ਫਿਰਦੇ ਲੋਕੀ ,ਚਾਰ ਚੁਫੇਰੇ ਏ
ਲੈਂਦਾ ਨੀ ਕੋਈ ਸਾਰ, ਕਿਹੋ ਜਿਹੀ ਦੁਨੀਆਦਾਰੀ ਏ
ਵਕਤ ਪਏ ਨਾ ਖੜਦੇ, ਸਭ ਨੂੰ ਜਾਨ ਪਿਆਰੀ ਏ
ਵਕਤ ਪਏ ਨਾ ਖੜਦੇ, ਸਭ ਨੂੰ ਜਾਨ ਪਿਆਰੀ ਏ
ਗੱਲੀਂ ਬਾਤੀਂ ਯਾਰ ਸਾਰੇ ਜੋ, ਜਿਗਰੀ ਬਣਦੇ ਨੇ
ਮਤਲਵ ਪਿੱਛੇ ਫਿਰਦੇ, ਰਹਿੰਦੇ ਤਾਣਾ ਤਣਦੇ ਨੇ
ਚੌਧਰ ਸਭ ਚਲਾਉਦੇ, ਸਭ ਨੂੰ ਇਹੋ ਬਿਮਾਰੀ ਏ
ਵਕਤ ਪਏ ਨਾ ਖੜ੍ਹਦੇ, ਸਭ ਨੂੰ ਜਾਨ ਪਿਆਰੀ ਏ
ਵਕਤ ਪਏ ਨਾ ਖੜ੍ਹਦੇ, ਸਭ ਨੂੰ ਜਾਨ ਪਿਆਰੀ ਏ
ਅਰਸ਼ਾਂ ਤੇ ਜੋ ਜਾਂਦੇ ਇੱਕ ਦਿਨ ਡਿੱਗਦੇ ਫਰਸ਼ਾਂ 'ਤੇ
ਅਕਲ ਠਿਕਾਣੇ ਆਉਂਦੀ, ਨਾ ਕੋਈ ਕਰਦਾ ਤਰਸ਼ਾਂ ਏ
ਕਿਉਂ ਇਹਨਾਂ ਨੂੰ ਕੀਤੀ, ਪੈਸੇ ਚਾਰ ਦੀਵਾਰੀ ਏ
ਵਕਤ ਪਏ ਨਾ ਖੜ੍ਹਦੇ, ਸਭ ਨੂੰ ਜਾਨ ਪਿਆਰੀ ਏ
ਵਕਤ ਪਏ ਨਾ ਖੜ੍ਹਦੇ, ਸਭ ਨੂੰ ਜਾਨ ਪਿਆਰੀ ਏ
ਬਸ ਹੁਣ ਪਾਸਾ ਵੱਟ ਲੈ, ਇਹਨਾਂ ਚੁਗਲੀ ਖੋਰਾਂ ਤੋਂ
ਰੱਬ ਜਦੋਂ ਸਿੱਧੀਆਂ ਪਾਉਂਦਾ, ਦਿੰਦਾ ਵਧ ਕੇ ਲੋੜਾਂ ਤੋਂ
ਨਾਨਕ ਨਾਮ ਧਿਆ ਲੈ, ਚੜਦੀ ਨਾਮ ਖੁਮਾਰੀ ਐਂ
ਵਕਤ ਪਏ ਨਾ ਖੜ੍ਹਦੇ, ਸਭ ਨੂੰ ਜਾਨ ਪਿਆਰੀ ਏ
ਵਕਤ ਪਏ ਨਾ ਖੜ੍ਹਦੇ, ਸਭ ਨੂੰ ਜਾਨ ਪਿਆਰੀ ਏ
ਪੈਸਾ ਲਏ ਖਰੀਦ ਬੰਦੇ ਨੂੰ, ਪਿਆਰ ਨੀ ਮੁੱਲ ਮਿਲਦਾ
ਰੱਬ ਉਦੋਂ ਚੇਤੇ ਆਉਂਦਾ, ਜਦ ਨਾਂ ਮਿੱਟੀ ਵਿੱਚ ਰੁਲਦੈ
ਕਮਲ ਸਿੱਧੇ ਰਾਹ ਪੈ ਕੇ ਜਿੰਦਗੀ ਜਾਊ ਸੁਆਰੀ ਏ
ਵਕਤ ਪਏ ਨਾ ਖੜ੍ਹਦੇ, ਸਭ ਨੂੰ ਜਾਨ ਪਿਆਰੀ ਏ
ਵਕਤ ਪਏ ਨਾ ਖੜ੍ਹਦੇ, ਸਭ ਨੂੰ ਜਾਨ ਪਿਆਰੀ ਏ
00

ਤੇਰਾ ਨਾਮ

ਹਰ ਕੋਈ ਕਹਾਣੀ, ਹਰ ਗੀਤ, ਹਰ ਗ਼ਜ਼ਲ 'ਚ ਤੇਰਾ ਨਾਮ ਏ
ਲੁਕੋ ਕੇ ਬੜਾ ਰੱਖਿਆ, ਤੂੰ ਫਿਰ ਵੀ ਸ਼ਰੇਆਮ ਏ
ਅਸੀਂ ਦਿਲ ਦੇ ਗਹਿਰੇ ਭੇਦ ਨੂੰ ਦਿਲ ਵਿੱਚ ਹੈ ਰੱਖਿਆ
ਪਰ ਫਿਰ ਵੀ ਇਸ਼ਕ ਕਾਸਤੋਂ ਲੋਕਾਂ ਵਿੱਚ ਬਦਨਾਮ ਏ
ਹਰ ਕਹਾਣੀ, ਹਰ ਗੀਤ, ਹਰ ਗ਼ਜ਼ਲ ਤੇਰਾ ਨਾਮ ਏ
ਗੱਲ ਰਹੀਂ ਨਜਰਾਂ ਦੀ, ਨਜਰਾਂ ਤੱਕ ਸੀਮਤ ਜਿਹੜੀ
ਹੰਝੂ ਮੇਰੇ ਬਣ ਗਏ ਕਿਉਂ ਉਹਦੇ ਲਈ ਹੁਣ ਜਾਮ ਏ
ਫੁਰਸਤ ਦੇ ਪਲਾਂ ਵਰਗਾ, ਮੇਰਾ ਪਿਆਰ ਸੀ
ਉਹ ਮੇਰੇ ਲਈ ਲੱਗਦਾ ਢਲਦੀ ਹੋਈ ਸ਼ਾਮ ਏ
ਹਰ ਕਹਾਣੀ, ਹਰ ਗੀਤ, ਹਰ ਗ਼ਜ਼ਲ 'ਚ ਤੇਰਾ ਨਾਮ ਏ
ਅਹਿਸਾਨ ਉਹਦਾ ਫਿਰ ਵੀ, ਹਾਂ ਦਿਲ ਤੋਂ ਕਹਿ ਰਹੇ
ਜੀਹਦੇ ਲਈ ਹਰ ਗ਼ਮ ਨੂੰ ਹਾਂ ਦਿਲ ਤੇ ਸਹਿ ਰਹੇ
ਜੀਹਨੂੰ ਚੇਤੇ ਕਰਕੇ ਮਿਲਦਾ ਦਿਲ ਨੂੰ ਅਰਾਮ ਏ
ਹਰ ਕਹਾਣੀ ਹਰ ਗੀਤ, ਹਰ ਗ਼ਜ਼ਲ 'ਚ ਤੇਰਾ ਨਾਮ ਏ
ਲਕੋ ਕੇ ਬੜਾ ਰੱਖਿਆ ਤੂੰ ਫਿਰ ਵੀ ਸ਼ਰੇਆਮ ਏ
00

ਦਿਲਾ ਮੇਰਿਆ

ਘਟਦਾ ਕਾਹਤੋਂ ਪਿਆਰ ਏ ਜਾਂਦਾ, ਮੈਨੂੰ ਅੱਜ ਤੱਕ ਸਮਝ ਨਾ ਆਇਆ
ਰਹਿਗੇ ਮਤਲਵ ਦੇ ਸਭ ਰਿਸ਼ਤੇ, ਖਿੱਚੀ ਜਾਂਦੀ ਐ ਮੋਹ ਮਾਇਆ
ਦੱਸ ਬਦਲੀ ਐ ਕਾਹਤੋਂ ਸਾਡੀ ਸੋਚ ਦਿਲਾ ਮੇਰਿਆ
ਕਿਹੋ ਜਿਹੇ ਵਸਦੇ ਨੇ ਲੋਕ ਦਿਲਾ ਮੇਰਿਆ
ਕਿਹੋ ਜਿਹੇ ਵਸਦੇ ਨੇ ਲੋਕ ਦਿਲਾ ਮੇਰਿਆ...
ਹਰ ਕੋਈ ਸੋਚੇ ਆਪਣੇ ਵਾਰੇ, ਸੋਚੇ ਹੋਵਣ ਮਹਿਲ ਮੁਨਾਰੇ
ਮਾੜਾ ਦਿਸਦਾ ਨਹੀਂ ਇਹਨਾਂ ਨੂੰ, ਹਰ ਕੋਈ ਆਪਣੀ ਸੋਚ ਵਿਚਾਰੇ
ਨੀਵੇਂ ਲਈ ਹੀ ਕਿਉਂ ਲਗਦੀ ਐ ਰੋਕ ਦਿਲਾ ਮੇਰਿਆ
ਕਿਹੋ ਜਿਹੇ ਵਸਦੇ ਲੋਕ ਦਿਲਾ ਮੇਰਿਆ.....
ਝੂਠੀ ਲਗਦੀ ਦੁਨੀਆਂਦਾਰੀ, ਘੁੰਮ ਕੇ ਦੇਖੀ ਦੁਨੀਆਂ ਸਾਰੀ
ਕਿਤੇ ਵੀ ਦਿਲ ਨੂੰ ਚੈਨ ਨਾ ਆਇਆ, ਲੋਕਾਂ ਰੱਬ ਨੂੰ ਮਨੋਂ ਭੁਲਾਇਆ
ਰੱਬ ਰਹਿ ਗਿਆ ਏ ਪਿੱਛੇ, ਮੂਹਰੇ ਨੋਟ ਦਿਲਾ ਮੇਰਿਆ
ਕਿਹੋ ਜਿਹੇ ਵਸਦੇ ਲੋਕ ਦਿਲਾ ਮੇਰਿਆ.....
ਜਿਹੜੀ ਐਸ਼ ਬਾਪੂ ਸਿਰ ਕੀਤੀ, ਜਿੰਦਗੀ ਜਾਂਦੀ ਸੀ ਉਹ ਬੀਤੀ
ਬਚਪਨ ਭੁੱਲਦਾ ਨਹੀਉਂ ਮੈਨੂੰ, ਲੱਸੀ ਚਾਟੀ ਵਾਲੀ ਪੀਤੀ
ਹੁਣ ਕਿੱਥੇ ਗਏ ਉਹ ਆਲ੍ਹਣੇ ਤੇ ਬੋਟ ਦਿਲਾ ਮੇਰਿਆ
ਕਿਹੋ ਜਿਹੇ ਵਸਦੇ ਲੋਕ ਦਿਲਾ ਮੇਰਿਆ.....
ਕੈਸੀ ਬਣੀ ਏ ਦੁਨੀਆਦਾਰੀ, ਪੱਲੇ ਕੁਝ ਨਹੀਂ ਹੈ ਸਰਦਾਰੀ
ਬੱਚੇ ਮੰਨਦੇ ਨਹੀਂ ਅੱਜ ਕੱਲ੍ਹ ਦੇ, ਧੀ ਕੋਈ ਡਰਦੀ ਨਹੀਂ ਕੁਆਰੀ
ਪੀਦੇ ਖੂਨ ਜਿਵੇਂ ਚਿੰਬੜੀ ਐ ਜ਼ੋਕ ਦਿਲਾ ਮੇਰਿਆ
ਕਿਹੋ ਜਿਹੇ ਵਸਦੇ ਲੋਕ ਦਿਲਾ ਮੇਰਿਆ.....
ਮੇਰੇ ਵਿੱਚ ਵੀ ਐਬ ਕੋਈ ਹੋਣਾ, ਮੰਨਾ ਗਲਤੀ ਮੈਨੂੰ ਬਖਸ਼ਾਉਣਾ
'ਕਮਲ' ਸੱਚ ਆਖ ਗਈ ਥੋਨੂੰ , ਮੁਸ਼ਕਲ ਮੂਹਰੇ ਨਾ ਘਬਰਾਉਣਾ
ਤੂੰ ਦਿਲ 'ਚੋਂ ਨਾ ਰੱਖੀਂ ਕਦੇ ਖੋਟ ਦਿਲਾ ਮੇਰਿਆ
ਕਿਹੋ ਜਿਹੇ ਵਸਦੇ ਲੋਕ ਦਿਲਾ ਮੇਰਿਆ.....

00

ਕਲਯੁਗ

ਵਧਦਾ ਜਾਂਦਾ ਕਲਯੁਗ ਲੋਕੋ ਦੁਨੀਆਂ ਤੇ ਵਾਹਲਾ
ਪਾਉਦੇ ਚਿੱਟੇ ਬਾਣੇ, ਕਰਦੇ ਧੰਦਾ ਏ ਕਾਲਾ
ਭਾਈਚਾਰੇ ਵਾਲੀ ਦਿਸਦੀ ਨਹੀਂ ਏਥੇ ਕੋਈ ਗੱਲ ਕਦੇ
ਇੰਝ ਤਾਂ ਨਹੀਂ ਕਦੇ ਹੋਣੇ ਸਾਡੇ ਮਸਲੇ ਹੱਲ ਕਦੇ....
ਮਾੜਾ ਥੋੜਾ ਸੋਚੇ ਤਕੜਾ ਜਾਵੇ ਅੰਬਰਾਂ ਨੂੰ
ਅੰਦਰੋ ਅੰਦਰੀ ਜੋੜੀ ਜਾਂਦੇ ਇਹ ਤਾਂ ਨੰਬਰਾਂ ਨੂੰ
ਦੋ ਨੰਬਰ ਦਾ ਧੰਦਾ, ਜਿਹੜਾ ਜਾਂਦਾ ਚੱਲ ਕਦੇ
ਇੰਝ ਤਾਂ ਨਹੀਂ ਕਦੇ ਹੋਣੇ ਸਾਡੇ ਮਸਲੇ ਹੱਲ ਕਦੇ.....
ਦੇਖ ਤਰੱਕੀਆਂ ਦੂਰੋਂ ਕਾਹਤੋਂ ਮੱਚਦਾ ਰਹਿੰਨਾ ਏ
ਬਣ ਜਾਵਾਂ ਸਟਾਂਰ ਮੈਂ, ਰਾਤੋ ਰਾਤੀ ਕਹਿੰਨਾ ਏ
ਸਿੱਧੇ ਰਾਹ ਨੀ ਪੈਦੇ ਜੋ ਮੰਜਿਲ ਵੱਲ ਲੈ ਵਧੇ
ਇੰਝ ਤਾਂ ਨਹੀਂ ਕਦੇ ਹੋਣੇ ਸਾਡੇ ਮਸਲੇ ਹੱਲ ਕਦੇ.....
ਹੁੰਦੇ ਕਾਹਤੋਂ ਦੰਗੇ, ਕਾਹਤੋਂ ਹੋਣ ਲੜਾਈਆਂ ਬਈ
ਕਰਨ ਆਸ਼ਕੀ ਜਾਂਦੇ ਹੁਣ ਨਾ ਹੋਣ ਪੜ੍ਹਾਈਆਂ ਬਈ
ਚੁੰਨੀਆਂ ਉੱਡ ਗਈਆਂ ਸਿਰ ਤੋਂ, ਨਵਾਂ ਨਿੱਤ ਫੈਸ਼ਨ ਚੱਲ ਪਏ
ਇੰਝ ਤਾਂ ਨਹੀਂ ਕਦੇ ਹੋਣੇ ਸਾਡੇ ਮਸਲੇ ਹੱਲ ਕਦੇ.....
ਬੁੱਢੇ ਵਾਰੇ ਰੁਲਦਾ ਕਾਹਤੋਂ ਦੁਨੀਆਂ ਵਿਚ ਬੰਦਿਆ
ਕਰੀਆਂ ਬਹੁਤ ਕਮਾਈਆਂ, ਛੱਡੇ ਕੋਈ ਨਾ ਤੂੰ ਧੰਦੇ ਆ
ਘਰ ਜੋੜਨ ਦੀ ਖਾਤਿਰ, ਜਿਹੜਾ ਜਾਂਦਾ ਸੀ ਰਲ ਕਦੇ
ਫਿਰ ਵੀ ਨਹੀਂ ਕਦੇ ਹੋਏ ਸਾਡੇ ਮਸਲੇ ਹੱਲ ਕਦੇ....
ਘਟਦੀ ਕਾਹਤੋਂ ਜਾਂਦੀ ਗਿਣਤੀ ਅੰਜ ਕੱਲ ਕੁੜੀਆਂ ਦੀ
ਕੁੱਲ ਵਧਾਉਂਦੇ ਮੁੰਡੇ ਮੱਤ ਏ ਪਿੰਡ ਦੀਆਂ ਬੁੜੀਆਂ ਦੀ
'ਕਮਲ ਮੱਲ੍ਹੀ' ਮਨ 'ਚੋਂ ਨਹੀਂ ਜਿਹੜੇ ਕੱਢਦੇ ਗੱਲ ਕਦੇ
ਇੰਝ ਤਾਂ ਨਹੀਂ ਕਦੇ ਹੋਣੇ ਸਾਡੇ ਮਸਲੇ ਹੱਲ ਕਦੇ.....
ਆਉ ਆਪਾਂ ਨਵਾਂ ਇੱਕ ਇਤਿਹਾਸ ਬਣਾ ਲਈਏ
ਬਾਜ਼ਾਂ ਵਾਲੀ ਕੌਮ ਨੂੰ ਮੁੜ ਕੇ ਫੇਰ ਜਗਾ ਲਈਏ
ਕੌਮ ਦੀ ਖਾਤਿਰ ਜਿਹੜੇ ਜ਼ੁਲਮ ਸੀ ਗਏ ਉਹ ਝੱਲ ਕਦੇ
ਇੰਝ ਤਾਂ ਨਹੀਂ ਕਦੇ ਹੋਣੇ ਸਾਡੇ ਮਸਲੇ ਹੱਲ ਕਦੇ
ਇੰਝ ਤਾਂ ਨਹੀਂ ਕਦੇ ਹੋਣੇ ਸਾਡੇ ਮਸਲੇ ਹੱਲ ਕਦੇ.....

00

ਕੀ ਲੋਕਾਂ ਤੋਂ ਲੈਣਾ

ਜਦ ਜ਼ੁਲਮ ਹੱਦਾਂ ਤੋਂ ਟੱਪ ਜਾਵੇ
ਫਿਰ ਚੰਗਾ ਨਹੀਂ ਕਿ ਚੁੱਪ ਵੱਟੀਏ
ਜੇ ਜਿਗਰਾ ਹੋਵੇ ਸ਼ੇਰ ਜਿਹਾ
ਤਾਂ ਜ਼ੁਲਮ ਦੀ ਜੜ ਹੀ ਪੱਟ ਸੁੱਟੀਏ
ਦੁੱਖ ਦੇਣ ਵਾਲਾ ਨਹੀਂ ਬੁਰਾ ਹੁੰਦਾ
ਦੁੱਖ ਸਹਿਣ ਵਾਲਾ ਹੀ ਮਾੜਾ ਏ
ਅਸੀਂ ਅਣਖੀ ਕੌਮ ਦੇ ਵਾਰਿਸ ਹਾਂ
ਫਿਰ ਵਿਰਸਾ ਆਪਣਾ ਕਿਉਂ ਭੁੱਲੀਏ
ਜੇ ਵਾੜ ਖੇਤ ਨੂੰ ਖਾਊਗੀ
ਤਾਂ ਰਾਖੀ ਇਹਦੀ ਕੌਣ ਕਰੂ
ਅਸੀਂ ਰਖਵਾਲੇ ਹਾਂ ਇੱਜਤ ਦੇ
ਫਿਰ ਫਰਜ਼ ਤੋਂ ਕਿਉਂ ਪਿਛਾਂਹ ਹੱਟੀਏ
ਨਾ ਕਰਨਾ ਜ਼ੁਲਮ ਨਾ ਸਹਿਣਾ ਏ
ਬਸ ਸਾਡਾ ਸਭ ਨੂੰ ਕਹਿਣਾ ਏ
ਜੇ ਜ਼ਜਬਾ ਹੋਵੇ ਰੂਹ ਅੰਦਰ
ਫਿਰ ਜਿੱਤ ਨੂੰ ਜਿੱਤ ਹੀ ਲੈਣਾ ਏ
ਤੂੰ 'ਕਮਲ' ਕਦੇ ਬਸ ਡੋਲੀ ਨਾ
ਇਹ ਲੋਕ ਨੇ ਅੱਤਿਆਚਾਰ ਜਿਹੇ
ਤੂੰ ਲਿਖਦੀ ਰਹੀਂ ਬਸ ਏਦਾਂ ਹੀ
ਤੈਂ ਕੀ ਲੋਕਾਂ ਤੋਂ ਲੈਣਾ ਏ
ਤੈਂ ਕੀ ਲੋਕਾਂ ਤੋਂ ਲੈਣਾ ਏ।

00

ਹਾਦਸਾ

ਬੇਰੰਗ ਜਿਹੀ ਜਿੰਦਗੀ ਵਿੱਚ ਰੰਗ ਕੋਈ ਭਰ ਰਿਹਾ
ਅਜੀਬ ਜਿਹਾ ਹਾਦਸਾ, ਇਹ ਕੀ ਹੈ ਮੈਨੂੰ ਕਰ ਰਿਹਾ
ਨਾ ਆਉਣ ਦੀ ਆਹਟ ਸੁਣੀ, ਨਾ ਸ਼ੋਰ ਕੋਈ ਹੋਇਆ ਏ
ਪਰ ਫਿਰ ਵੀ ਲੱਗੇ ਜਿਹੇ ਕੋਈ ਕੱਚੇ ਤੇ ਹੈ ਤਰ ਰਿਹਾ
ਅਜੀਬ ਜਿਹਾ ਹਾਦਸਾ ਇਹ ਕੀ ਹੈ ਮੈਨੂੰ ਕਰ ਰਿਹਾ
ਬੇਰੰਗ ਜਿਹੀ ਜਿੰਦਗੀ ਵਿੱਚ ਰੰਗ ਕੋਈ ਭਰ ਰਿਹਾ
ਕਾਲੀ ਏਸ ਰਾਤ 'ਚੋਂ ਬੱਦਲ ਰਹੇ ਨੇ ਵਰਸਦੇ
ਇਹ ਇੰਤਜ਼ਾਰ ਕਿਹੋ ਜਿਹਾ, ਮੇਰੇ ਨੈਣ ਕਿਉਂ ਨੇ ਤਰਸਦੇ
ਇਸ ਹਨੇਰੀ ਰਾਤ 'ਚੋਂ, ਦਿਨ ਕਿਉਂ ਨਹੀਂ ਹੈ ਚੜ੍ਹ ਰਿਹਾ
ਅਜੀਬ ਜਿਹਾ ਹਾਦਸਾ ਇਹ ਕੀ ਹੈ ਮੈਨੂੰ ਕਰ ਰਿਹਾ
ਮਹਿਕ ਹੈ ਕਿਸੇ ਰੂਹ ਦੀ, ਦਿਲ 'ਚੋਂ ਸੁਗੰਧ ਭਰ ਰਹੀ
ਕੈਸਾ ਭੁਲੇਖਾ ਪੈ ਰਿਹਾ, ਜਿੰਦ ਕਾਹਤੋਂ ਮੇਰੀ ਮਰ ਰਹੀ
ਆਪਣਾ ਹੀ ਪ੍ਰਛਾਵਾਂ ਮੇਰਾ, ਇਹ ਕੀ ਸ਼ਰਾਰਤ ਕਰ ਰਿਹਾ
ਅਜੀਬ ਜਿਹਾ ਹਾਦਸਾ ਇਹ ਕੀ ਹੈ ਮੈਨੂੰ ਕਰ ਰਿਹਾ
ਬੇਰੰਗ ਜਿਹੀ ਜਿੰਦਗੀ ਵਿੱਚ ਰੰਗ ਕੋਈ ਭਰ ਰਿਹਾ
ਇਹ ਹਾਦਸੇ ਹਰ ਰੋਜ਼ ਦੇ, ਤੇ ਵਕਤ ਲੰਗਦਾ ਜਾ ਰਿਹਾ
ਇਹ ਵਕਤ ਹੀ ਤਾਂ ਹੈ, ਜੋ ਮੈਨੂੰ ਕੋਲ ਹੈ ਬੁਲਾ ਰਿਹਾ
ਪਰ ਇਹ ਵਕਤ 'ਕਮਲ' ਕੁਝ ਪਲ ਹੋਰ ਕਿਉਂ ਨਹੀਂ ਖੜ੍ਹ ਰਿਹਾ
ਅਜੀਬ ਜਿਹਾ ਹਾਦਸਾ ਇਹ ਕੀ ਹੈ ਮੈਨੂੰ ਕਰ ਰਿਹਾ
ਬੇਰੰਗ ਜਿਹੀ ਜਿੰਦਗੀ ਵਿੱਚ ਰੰਗ ਕੋਈ ਭਰ ਰਿਹਾ
ਅਜੀਬ ਜਿਹਾ ਹਾਦਸਾ ਇਹ ਕੀ ਹੈ ਮੈਨੂੰ ਕਰ ਰਿਹਾ।

00

ਕਲਪਨਾ

ਮੈਂ ਆਉਣ ਵਾਲੇ ਕੱਲ ਦੀ ਕਲਪਨਾ ਕਰ ਰਹੀ ਹਾਂ
ਮੈਂ ਆਪਣੀ ਇਸ ਸੋਚ ਨੂੰ ਅੰਬਰਾਂ ਤੇ ਜੜ ਰਹੀ ਹਾਂ
ਮੈਂ ਸੋਚਿਆ ਏ ਕਿ ਮੰਜਿਲ ਕਦੇ ਦੂਰ ਨਹੀਂ ਹੁੰਦੀ
ਤਾਂ ਹੀ ਤਾਂ ਇਸ ਮੰਜਿਲ ਦੀ ਹਰ ਪੌੜੀ ਚੜ੍ਹ ਰਹੀ ਹਾਂ
ਮੈਂ ਆਉਣ ਵਾਲੇ ਕੱਲ੍ਹ ਦੀ ਕਲਪਨਾ ਕਰ ਰਹੀ ਹਾਂ
ਕੱਲ੍ਹ ਦੇਖਿਆ ਕੀਹਨੇ ਕਿ ਕੈਸੀ ਸਵੇਰ ਹੈ
ਪਰ ਮੈਂ ਭਵਿੱਖ ਨੂੰ ਲਿਖ ਕੇ ਖੁਦ ਹੀ ਪੜ੍ਹ ਰਹੀ ਹਾਂ
ਜਦੋਂ ਆਸ ਦਾ ਛੋਟਾ ਜਿਹਾ ਦੀਪ ਰੁਸ਼ਨਾਉਂਦਾ ਏ
ਫਿਰ ਇਨਸਾਨ ਆਪਣੇ ਆਪ ਨੂੰ ਖੁਦ ਮੰਜਿਲ ਤੇ ਪਾਉਂਦਾ ਏ
ਮੈਂ ਛੋਟੀ ਜਿਹੀ ਇਸ ਆਸ ਦਾ
ਘੇਰਾ ਹੀ ਫੜ ਰਹੀ ਹਾਂ
ਮੈਂ ਆਉਣ ਵਾਲੇ ਕੱਲ੍ਹ ਦੀ ਕਲਪਨਾ ਕਰ ਰਹੀ ਹਾਂ
ਅਹਿਸਾਸ ਮੈਨੂੰ ਹੋ ਰਿਹਾ, ਮੈਂ ਵੀ ਇੱਕ ਉਮੀਦ ਹਾਂ
ਹੁਣ ਇੰਝ ਮੈਨੂੰ ਲੱਗ ਰਿਹਾ ਮੰਜਿਲ ਦੇ ਮੈਂ ਕਰੀਬ ਹਾਂ
ਕੀ 'ਕਮਲ' ਇਸ ਉਮੀਦ ਤੇ ਮੈਂ ਪੂਰਾ ਖੜ੍ਹ ਰਿਹਾ ਹਾਂ
ਮੈਂ ਆਉਣ ਵਾਲੇ ਕੱਲ੍ਹ ਦੀ ਕਲਪਨਾ ਕਰ ਰਹੀ ਹਾਂ
ਮੈਂ ਆਉਣ ਵਾਲੇ ਕੱਲ੍ਹ ਦੀ ਕਲਪਨਾ ਕਰ ਰਹੀ ਹਾਂ।
00

ਅੱਖ ਰੋਵੇ

ਜਦ ਮੈਂ ਜਾਵਾਂ ਇਸ ਦੁਨੀਆਂ ਤੋਂ
ਮੈਨੂੰ ਬਹਿਕੇ ਹਰ ਇੱਕ ਅੱਖ ਰੋਵੇ
ਜੀਹਨੇ ਉਮਰਾਂ ਲਈ ਰੁਆ ਦਿੱਤਾ
ਕਿਤੇ ਉਹ ਵੀ ਬਹਿ ਕੇ ਵੱਖ ਰੋਵੇ
ਅਸੀਂ ਜੀਹਦੇ ਲਈ ਦੁਆ ਮੰਗੀ
ਉਹਨਾਂ ਸੱਜਣਾ ਸੋਗ ਮਨਾਉਣਾ ਏ
ਚਲੋ ਰੋ ਲੈਣ ਦੋ ਉਹਨੂੰ ਵੀ
ਕੁਝ ਉਹਦਾ ਵੀ ਤਾਂ ਹੱਕ ਹੋਵੇ
ਮਨਜ਼ੂਰ ਨਾ ਉਹਨੂੰ ਹੁੰਦਾ ਸੀ
ਸਾਡਾ ਹੱਸਣਾ ਤੇ ਖੁਸ਼ ਹੋਣਾ ਏ
ਅੱਜ ਚੁੱਪ ਸਦਾ ਲਈ ਹੋ ਚੱਲੇ
ਉਹਤੋਂ ਚੁੱਪ ਹੋਇਆ ਵੀ ਨਾ ਤੱਕ ਹੋਵੇ
ਬਸ 'ਕਮਲ' ਏ ਦੁਨੀਆਦਾਰੀ ਐ
ਤੇ ਆਉਣਾ ਜਾਣਾ ਬਣਿਆ ਏ
ਕਦੇ ਜਿਉਂਦੇ ਜੀ ਨਾ ਖੁਸ਼ੀ ਮਿਲੀ
ਕਿੱਦਾਂ ਚੱਲੇ ਅੱਜ ਨਾ ਦੱਸ ਹੋਵੇ
ਮੁੜ ਆਵਾਂ ਨਾ ਇਸ ਦੁਨੀਆਂ ਤੇ
ਮੇਰਾ ਸੁਪਨਾ ਇਹੀ ਸੱਚ ਹੋਵੇ
ਜਦ ਮੈਂ ਜਾਵਾਂ ਇਸ ਦੁਨੀਆਂ ਤੋਂ
ਮੈਨੂੰ ਬਹਿਕੇ ਹਰ ਇੱਕ ਅੱਖ ਰੋਵੇ
ਮੈਨੂੰ ਬਹਿਕੇ ਹਰ ਇੱਕ ਅੱਖ ਰੋਵੇ।
00

ਸਵਾਲ

ਅੱਜ ਆਪਣੀ ਮੈਂ ਰੂਹ ਨੂੰ ਸਵਾਲ ਪੁੱਛਿਆ
ਮੇਰਾ ਰੱਬ ਦੱਸ ਮੇਰੇ ਨਾਲ ਕਾਹਤੋਂ ਰੁੱਸਿਆ
ਅਸੀਂ ਦੋਵੇਂ ਵੇਲੇ ਮੰਗੀ ਸਾਰੇ ਲੋਕਾਂ ਦੀ ਭਲਾਈ
ਕੈਸੀ ਮੇਰੀ ਤਕਦੀਰ ਗਮੀ ਮੇਰੇ ਹਿੱਸੇ ਆਈ
ਸਾਨੂੰ ਨੀਵਿਆਂ ਨੂੰ ਰੱਬ ਨੇ ਵੀ ਨੀਵੇਂ ਰੱਖਿਆ
ਅੱਜ ਆਪਣੀ ਮੈਂ ਰੂਹ ਨੂੰ ਸਵਾਲ ਪੁੱਛਿਆ....
ਰੱਖੇ ਬੁੱਲਾਂ ਉੱਤੇ ਹਾਸੇ, ਹੰਝੂ ਮੁੱਢ ਤੋਂ ਲੁਕੋਏ
ਜਿਹੜੀ ਬੀਤੀ ਸਾਡੇ ਨਾਲ ਵੈਰੀ ਨਾਲ ਵੀ ਨਾ ਹੋਏ
ਸਾਡਾ ਮੁੱਢ ਤੋਂ ਨਸੀਬ ਦੇਖੋ ਕੈਸਾ ਫੁੱਟਿਆ
ਅੱਜ ਆਪਣੀ ਮੈਂ ਰੂਹ ਨੂੰ ਸਵਾਲ ਪੁੱਛਿਆ....
ਦਿਨ ਚਾਰ ਏਸ ਦੁਨੀਆਂ ਤੇ ਹੋਰ ਜੀਅ ਲਈਏ
ਘੁੱਟ ਸਬਰਾਂ ਦੇ ਪੀਤੇ ਥੋੜੇ ਹੋਰ, ਪੀ ਲਈਏ
ਹੁਣ ਸਬਰਾਂ ਦਾ ਵੀ ਏ, ਲੱਗੇ ਬੰਨ ਟੁੱਟਿਆ
ਅੱਜ ਆਪਣੀ ਮੈਂ ਰੂਹ ਨੂੰ ਸਵਾਲ ਪੁੱਛਿਆ.....
ਹੋਏ ਆਪਣੇ ਵਿਗਾਨੇ ਮਿਲੇ ਦੁਨੀਆਂ 'ਚੋਂ ਤਾਨ੍ਹੇ
ਮਾਰੀ ਠੋਕਰ ਹੀ ਲੋਕਾਂ, ਲਾ ਕੇ ਆਨੇ ਤੇ ਬਹਾਨੇ
ਆਖੇ 'ਕਮਲ' ਏ ਜਾਂਦਾ ਹੁਣ ਦਮ ਘੁੱਟਿਆ
ਅੱਜ ਆਪਣੀ ਮੈਂ ਰੂਹ ਨੂੰ ਸਵਾਲ ਪੁੱਛਿਆ
ਅੱਜ ਆਪਣੀ ਮੈਂ ਰੂਹ ਨੂੰ ਸਵਾਲ ਪੁੱਛਿਆ
00

ਲਫਜ਼ ਉਹਦੇ ਵਾਸਤੇ

ਕੋਈ ਲਫਜ਼ ਨਹੀਂ ਮਿਲਦਾ
ਕੋਈ ਲਫਜ਼ ਨਹੀਂ ਮਿਲਦਾ
ਬੜਾ ਕੁਝ ਲਿਖਣਾ ਚਾਹੁੰਦੀ ਹਾਂ
ਕਦੇ ਇਹ ਸਿਆਹੀ ਮੁੱਕ ਜਾਂਦੀ
ਕਦੇ ਇਹ ਕਲਮ ਟੁੱਟ ਜਾਂਦੀ
ਮੈਂ ਕਲਮ ਦੇ ਵਾਂਗੂੰ ਨਾ ਕਦੇ
ਟੁੱਟਣਾ ਚਾਹੁੰਦੀ ਆ
ਕੋਈ ਲਫਜ਼ ਨਹੀਂ ਮਿਲਦਾ
ਬੜਾ ਕੁਝ ਲਿਖਣਾ ਚਾਹੁੰਦੀ ਆ.....
ਕਦੇ ਸੋਚਦੀਆਂ ਮੈਂ ਕਿ ਉਹ
ਬੀਤਿਆ ਕੱਲ ਹੈ
ਕਿਉਂ ਮੁੜਦੀ ਸੋਚ ਮੇਰੀ ਏ
ਹਰ ਵਾਰ ਉਹਦੇ ਵੱਲ ਹੈ
ਤੇ ਮੈਂ ਹੀ ਉਹਦੇ ਵਾਸਤੇ ਕਿਉਂ
ਰੁਕਣਾ ਚਾਹੁੰਦੀ ਹਾਂ
ਕੋਈ ਲਫਜ਼ ਨਹੀਂ ਮਿਲਦਾ
ਬੜਾ ਕੁਝ ਲਿਖਣਾ ਚਾਹੁੰਦੀ ਹਾਂ.....
ਬੜਾ ਸੋਚਿਆ ਲਿਖਿਆ
ਤੇ ਲਿਖ ਕੇ ਪੜ੍ਹਿਆ ਮੈਂ
ਹਰ ਲਫਜ਼ ਉਹਦੇ ਵਾਸਤੇ
ਬੜਾ ਚੁਣ ਕੇ ਜੜਿਆ ਮੈਂ
ਕਦੇ ਉਹਨੂੰ ਯਾਦ ਕਰਦੀ ਏ
ਕਦੇ ਖੁਦ ਨੂੰ ਰਵਾਉਂਦੀ ਏ
ਕੋਈ ਲਫਜ਼ ਨਹੀਂ ਮਿਲਦਾ
'ਕਮਲ' ਕੁਝ ਲਿਖਣਾ ਚਾਹੁੰਦੀ ਏ
ਕਮਲ ਕੁਝ ਲਿਖਣਾ ਚਾਹੁੰਦੀ ਏ।
00

ਮਾਂ

ਮਾਂ ਦਾ ਪਿਆਰ ਕਦੇ ਨਹੀਂ ਘਟਦਾ
ਲੱਖ ਹਨੇਰੀ ਆਵੇ
ਢਿੱਡੋਂ ਭੁੱਖੀ ਰਹਿ ਕੇ ਇਹ ਤਾਂ
ਚੋਗ ਮੂੰਹਾਂ ਵਿੱਚ ਪਾਵੇ
ਹਰ ਘਰ ਹੋਵੇ ਰੱਬਾ ਸੋਹਣੀ
ਮਮਤਾ ਦਾ ਸਰਮਾਇਆ
ਮਾਂ ਦੀ ਪੂਜਾ ਰੱਬ ਦੀ ਪੂਜਾ
ਜੀਹਨੇ ਜੱਗ ਵਸਾਇਆ
ਮਾਂ ਦੇ ਪੈਰੀਂ ਜੰਨਤ ਹੁੰਦੀ
ਕਹਿੰਦੇ ਲੋਕ ਸਿਆਣੇ
ਬੱਚਿਆਂ ਨੂੰ ਇਹ ਖੁਸ਼ ਹੈ ਰੱਖਦੀ
ਮੰਨ ਕੇ ਰੱਬ ਦੇ ਭਾਣੇ
ਮਾਂ ਹੀ ਤਾਂ ਹੁੰਦੀ ਹੈ ਜਿਹੜੀ
ਘੁੱਟ ਕੇ ਸੀਨੇ ਲਾਉਂਦੀ
ਖੁਦ ਰਾਤਾਂ ਨੂੰ ਰਹੇ ਜਾਗਦੀ
ਲੋਰੀਆਂ ਰਹੇ ਸੁਣਾਂਦੀ
ਵਿੱਚ ਦੁੱਖਾਂ ਨਾ ਡੋਲਣ ਦਿੰਦੀ
ਚਾਹੇ ਖੁਦ ਮਿਟ ਜਾਵੇ
ਮਾਂ ਦੀ ਮਮਤਾ ਦਾ ਇਹ ਬੂਟਾ
ਰੱਬ, ਹਰ ਇੱਕ ਵਿਹੜੇ ਲਾਵੇ
ਰੱਬ, ਹਰ ਇੱਕ ਵਿਹੜੇ ਲਾਵ

00

ਲਫਜ਼ਾਂ ਨੂੰ ਸੁੱਤੇ ਰਹਿਣ ਦੇ

ਮੇਰੀ ਕਲਮ ਨੇ ਕਿਹਾ, ਤੂੰ ਕਿਉਂ ਰੋ ਰਹੀ ਏ
ਦੁੱਖ ਮੈਨੂੰ ਆਪਣਾ ਦੱਸ, ਤੂੰ ਜੋ ਲੁਕੋ ਰਹੀ ਏ
ਮੈਂ ਕਿਹਾ, ਮੈਂ ਢਲਦੀ ਹੋਈ ਇੱਕ ਸ਼ਾਮ ਹਾਂ
ਉਂਝ ਮੈਂ ਵੀ ਲੋਕਾਂ ਵਾਂਗੂੰ ਹੀ ਤਾਂ ਆਮ ਹਾਂ
ਪਰ ਦਿਲ ਕਰਦਾ ਏ, ਲਿਖਦੀ ਰਵਾਂ ਹਰ ਇੱਕ ਨੂੰ
ਕਿਤੇ ਖੁਸ਼ੀ ਦੀ ਕੋਈ ਗੱਲ ਲਿਖਾਂ
ਕਿਤੇ ਲਿਖਾਂ ਕਿਸੇ ਦੇ ਦੁੱਖ ਨੂੰ
ਮੇਰੀ ਕਲਮ ਕਹਿੰਦੀ ਰਹਿਣ ਦੇ
ਇਹ ਬੇਦਰਦੀ ਜਿਹੇ ਲੋਕ ਨੀ
ਕਿਉਂ ਇਹਨਾਂ ਵਾਰੇ ਸੋਚਦੀ
ਇਹਨਾਂ ਦੀ ਤੇਰੇ ਵਰਗੀ ਸੋਚ ਨੀ
ਤੇਰੀ ਸੋਚ ਨੂੰ ਇਹਨਾਂ ਲੋਕਾਂ ਨੇ
ਵਿਚ ਪੈਰਾਂ ਹੀ ਹੈ ਰੋਲਣਾ
ਤੇਰੀ ਲਿਖੀ ਇਸ ਕਹਾਣੀ ਦਾ
ਕਿਸੇ ਵਰਕਾ ਵੀ ਨਹੀਂ ਫੋਲਣਾ
ਫਿਰ ਕੀ ਫਾਇਦਾ ਦਿਲ ਲਾਉਣ ਦਾ
ਲਿਖ ਕੇ ਸਿਆਹੀ ਮੁਕਾਉਣ ਦਾ
ਰੱਖ ਸਾਂਭ ਕੇ ਇਹ ਲਫਜ਼ ਤੂੰ
ਇਹਨਾਂ ਨੂੰ ਕੁਝ ਨਾ ਕਹਿਣ ਦੇ
ਤੂੰ ਸੋਂ ਜਾ ਸੋਹਣੀ ਨੀਂਦਰੇ
ਤੇ ਲਫਜ਼ਾਂ ਨੂੰ ਸੁੱਤੇ ਰਹਿਣ ਦੇ
ਲਫ਼ਜ਼ਾਂ ਨੂੰ ਸੁੱਤੇ ਰਹਿਣ ਦੇ...

00

ਹੀਰ ਝੰਗ ਸਿਆਲਾਂ ਦੀ

ਇਸ਼ਕ ਹੁੰਦਾ ਹੈ ਕਿਉਂ ਬਦਨਾਮ ਲੋਕੋ
ਜਿਹੜਾ ਮੋਹ ਦੀਆਂ ਤੰਦਾਂ ਤੋਂ ਬਣੇ ਭੈੜਾ
ਡੌਰ ਇਸ਼ਕ ਦੀ ਟੁੱਟਜੇ ਅੱਧ ਵਾਟੇ
ਫਿਰ ਵੀ ਛੱਡਦਾ ਨਹੀਉਂ ਦਿਲ ਖਹਿੜਾ
ਲੱਖਾਂ ਦੂਰੀਆਂ ਹੋਣ ਭਾਵੇਂ ਮੇਲ ਅੰਦਰ
ਪਰ ਇਸ਼ਕ ਤੇ ਲੱਗੇ ਨਾ ਕੋਈ ਪਹਿਰਾ
ਸੋਹਣੀ ਡੁੱਬਦੀ ਕਾਹਤੋਂ ਝਨਾਂ ਅੰਦਰ
ਕੱਚਾ ਘੜਾ ਜੇ ਬਣਿਆ ਹੁੰਦਾ ਕੈੜਾ
ਮਿਰਜ਼ਾ ਜੰਡ ਦੇ ਥੱਲੇ ਕਿਉਂ ਸੌਂ ਜਾਂਦਾ
ਖੁਦ ਬਣਦੀ ਨਾ ਮੌਤ ਜੇ ਜਾਨ ਸਹਿਬਾ
ਹੱਥੀਂ ਤੋੜ ਕੇ ਤੀਰ ਕਿਉਂ ਬਣੀ ਹੋਣੀ
ਆਉਂਦੇ ਵੀਰਾਂ ਨੂੰ ਲੈਂਦੀ ਪਹਿਚਾਨ ਸਾਹਿਬਾਂ
ਇਸ਼ਕ ਜਿੰਨਾਂ ਦੇ ਹੱਡੀਂ ਏ ਰਚ ਜਾਂਦਾ
ਕੋਈ ਨਾਮ ਉਹਨਾਂ ਨੂੰ ਸੁਝਾਂਵਦਾ ਨਾ
ਹੀਰ ਝੰਗ ਸਿਆਲਾਂ ਦੀ ਨਾਰ ਸੋਹਣੀ
ਰਾਂਝਾ ਜੋਗੀਆਂ ਵਾਲਾ ਕਿਉਂ ਜੋਗ ਲੈਂਦਾ
ਤੇ ਬਾਰਾਂ ਸਾਲ ਉਹ ਮੱਝੀਆਂ ਚਰਾਂਵਦਾ ਨਾ
ਬਾਰਾਂ ਸਾਲ ਉਹ ਮੱਝੀਆਂ ਚਰਾਂਵਦਾ ਨਾ

00

ਰੱਬ ਦੇ ਰੰਗ

ਯਾਦਾਂ ਦਾ ਇੱਕ ਮਹਿਲ ਬਣਾਇਆ
ਰੀਝਾਂ ਦੇ ਨਾਲ ਖੂਬ ਸਜਾਇਆ
ਅਰਮਾਨਾਂ ਦੇ ਪਰਦੇ ਲਾ ਕੇ
ਮਨ ਮਾਹੀ ਨੂੰ ਵਿੱਚ ਬਿਠਾਇਆ
ਦੂਰ ਦੁਰਾਡੇ ਵਿੱਚ ਅੰਬਰ ਦੇ
ਚੰਨ ਦੇ ਉੱਪਰ ਜਾ ਟਕਾਇਆ
ਬੇਪਰਵਾਹਾ ਮਾਹੀ ਮੇਰਾ
ਫਿਰ ਵੀ ਝੱਲਾ ਸਮਝ ਨਾ ਪਾਇਆ
ਕੀ ਚਾਹੁੰਦਾ ਦਿਲ ਮੇਰਾ ਅੜਿਆ
ਬੜਾ ਸੀ ਨੈਣਾਂ ਨੇ ਸਮਝਾਇਆ
ਕੁਝ ਉਹ ਬੋਲੇ, ਕੁਝ ਮੈਂ ਬੋਲਾਂ
ਮੁੱਕਣ ਨਾ ਜਿੰਦਗੀ ਦੀਆਂ ਬਾਤਾਂ
ਦਿਲ ਵਾਲੇ ਬਸ ਇਹੀਉ ਚਾਹੁੰਦੇ
ਕਾਲੀਆਂ ਬੋਲੀਆਂ ਹਨੇਰੀਆਂ ਰਾਤਾਂ
ਵਿੱਚ ਗੁਸਤਾਖੀ ਹੋ ਜਾਵੇ ਕੁਝ
ਸੱਜਣ ਜੀਹਦਾ ਭਰੇ ਹੁੰਗਾਰਾ
ਚੰਨ ਵੀ ਕੋਲੇ ਫਿੱਕਾ ਲੱਗਦਾ
ਜਦ ਤੈਨੂੰ ਮੈਂ ਵੇਖਾਂ ਯਾਰਾ
ਰੱਬ ਦੇ ਰੰਗ ਵੀ ਕੀ ਨੇ ਸੋਹਣੇ
ਜਦ ਰੂਹਾਂ ਦੇ ਮੇਲ ਕਰਾਵੇ
'ਕਮਲ' ਕੀ ਹੁੰਦੀ ਦੁਨੀਆਦਾਰੀ
ਕਾਹਤੋਂ ਬੰਦਾ ਸਮਝ ਨਾ ਪਾਵੇ
ਕਾਹਤੋਂ ਬੰਦਾ ਸਮਝ ਨਾ ਪਾਵੇ।

00

ਇੰਤਜ਼ਾਰ

ਕਿਉਂ ਮੇਰੇ ਹਿੱਸੇ ਉਮਰਾਂ ਦਾ ਇੰਤਜਾਰ ਆਇਆ ਏ
ਜੀਹਨੇ ਲੁੱਟਿਆ ਏ ਸਾਨੂੰ, ਉਸੇ ਤੇ ਪਿਆਰ ਆਇਆ ਏ
ਅਸੀਂ ਲੁੱਟਦੇ ਰਹੇ ਸਾਰੀ ਉਮਰ ਇੱਕ ਉਹਦੀ ਖੁਸ਼ੀ ਲਈ
ਪਰ ਉਹਦੇ ਵੱਲੋਂ ਸਾਡੇ ਲਈ ਇਨਕਾਰ ਆਇਆ ਏ
ਕਿਉਂ ਮੇਰੇ ਹਿੱਸੇ ਉਮਰਾਂ ਦਾ ਇੰਤਜ਼ਾਰ ਆਇਆ ਏ।
ਕਦੇ ਦੇਖੇ ਤਾਂ ਸਹੀ ਇਹਨਾਂ ਪੈਰਾਂ ਦੇ ਜ਼ਖ਼ਮਾਂ ਨੂੰ
ਲੰਘ ਨੰਗੇ ਪੈਰੀਂ ਕੰਡਿਆਂ ਤੋਂ ਉਹਦਾ ਦਿਲਦਾਰ ਆਇਆ ਏ
ਕਿਉਂ ਮੇਰੇ ਹਿੱਸੇ ਉਮਰਾਂ ਦਾ ਇੰਤਜ਼ਾਰ ਆਇਆ ਏ
ਖੁਸ਼ੀ ਨਾ ਸਾਂਭ ਹੋਣੀ ਏ, ਜਦੋਂ ਉਹਨੇ ਗਲ ਲਗਾਉਣਾ ਏ
ਪਰ ਨਾਲ ਲੈ ਕੇ ਖੰਜਰ ਕਿਉਂ ਦਿਲਦਾਰ ਆਇਆ ਏ
ਕਿਉਂ ਮੇਰੇ ਹਿੱਸੇ ਉਮਰਾਂ ਦਾ ਇੰਤਜ਼ਾਰ ਆਇਆ ਏ
ਕੀ ਮਾਰੇਗਾ ਉਹ ਮੈਨੂੰ ਮੈਂ ਤਾਂ ਮੁੱਢ ਤੋਂ ਹੀ ਲਾਸ਼ ਹਾਂ
ਜੁਦਾ ਉਹ ਕਰ ਨਹੀਂ ਸਕਦਾ, ਮੈਂ ਤਾਂ ਉਹਦੀ ਰੂਹ ਦੇ ਪਾਸ ਹਾਂ
ਕਿਉਂ ਮਾਰਨ ਲਈ ਉਹ ਹੋ ਕੇ ਬੇਕਰਾਰ ਆਇਆ ਏ
ਕਿਉਂ ਮੇਰੇ ਹਿੱਸੇ ਉਮਰਾਂ ਦਾ ਇੰਤਜ਼ਾਰ ਆਇਆ ਏ
ਉਹ ਪੁੱਛੇ ਤਾਂ ਸਹੀ ਕਿ ਮੇਰਾ ਮਨ ਕੀ ਚਾਹੁੰਦਾ ਏ
ਦਿਲ ਅੱਜ ਵੀ ਮੇਰਾ ਉਹਨੂੰ ਰੱਬ ਵਾਂਗੂੰ ਧਿਆਉਂਦਾ ਏ
ਜਿਹੜਾ ਲੈ ਕੇ ਉਹਦੇ ਲਈ ਇੰਨਾ ਸਤਿਕਾਰ ਆਇਆ ਏ
ਪਰ ਮੇਰੇ ਹਿੱਸੇ ਉਮਰਾਂ ਦਾ ਇੰਤਜ਼ਾਰ ਆਇਆ ਏ।

00

ਰੇਤ ਨੂੰ ਕਾਹਤੋਂ ਰਹੀਏ ਛਾਣ

ਦਿਲ ਕਰਦਾ ਹੁਣ ਫੇਰ ਤੋਂ ਬੱਚੇ ਜਿਹੇ ਬਣ ਜਾਣ ਨੂੰ
ਕਰਾਂ ਕੋਈ ਸ਼ਰਾਰਤ ਮੈਂ, ਮਨ ਕਰੇ ਝਿੜਕਾਂ ਖਾਣ ਨੂੰ
ਮੈਂ ਘਰ ਬਣਾਵਾਂ ਮਿੱਟੀ ਦਾ, ਉਹਨੂੰ ਰੀਝਾਂ ਨਾਲ ਸ਼ਿੰਗਾਰ ਦਾ
ਕਿਸਤੀ ਬਣਾ ਕੇ ਕਾਗਜ ਦੀ, ਵਿੱਚ ਪਾਣੀ ਦੇ ਮੈਂ ਤਾਰ ਦਾ
ਬੋਹੜਾਂ ਦੀ ਉਹੀ ਛਾਂ ਹੋਵੇ, ਸਾਡੇ ਲਈ ਹੀ ਪੀਘਾਂ ਪਾਣ ਨੂੰ
ਦਿਲ ਕਰਦਾ ਹੁਣ ਫੇਰ ਤੋਂ ਬੱਚੇ ਜਿਹੇ ਬਣ ਜਾਣ ਨੂੰ
ਨਹੀਂ ਕੱਚੇ ਕੋਠੇ ਭੁੱਲਣੇ, ਜਿੱਥੇ ਰਾਤਾਂ ਨਿੱਘੀਆਂ ਮਾਣੀਆਂ
ਫਿਰ ਕੱਠਿਆਂ ਬਹਿਕੇ ਭੱਠੀ ਤੋਂ ਭੁਨਾ ਕੇ ਖਿੱਲਾਂ ਖਾਣੀਆਂ
ਲੈ ਰਾਜੇ ਹੀ ਬਣ ਜਾਂਦੇ ਸਾਂ, ਮਿਲੀ ਮਾਂ ਤੋਂ ਕੱਠੀ ਭਾਨ ਨੂੰ
ਦਿਲ ਕਰਦਾ ਹੁਣ ਫੇਰ ਤੋਂ ਬੱਚੇ ਜਿਹੇ ਬਣ ਜਾਣ ਨੂੰ
ਨਾ ਭੁੱਲਣਾ ਮਾਂ ਦਾ ਪਿਆਰ ਉਹ ਬਾਪੂ ਤੋਂ ਉਹਲੇ ਰੱਖਣੇ
ਪਰ ਲਗਦਾ ਉਸੇ ਪਿਆਰ ਤੋਂ ਅੱਜ ਹੋਏ ਬੈਠੇ ਸੱਖਣੇ
ਜਿੰਨਾ ਨਾਲ ਸੀ ਕੱਠੇ ਖੇਡਦੇ, ਰੂਹ ਲੱਭੇ ਉਸੇ ਹਾਣ ਨੂੰ
ਦਿਲ ਕਰਦਾ ਹੁਣ ਫੇਰ ਤੋਂ ਬੱਚੇ ਜਿਹੇ ਬਣ ਜਾਣ ਨੂੰ
ਬਚਪਨ ਹੀ ਐਸੀ ਚੀਜ ਏ ਜੀਹਦੇ ਨਾਲ ਨੇ ਯਾਦਾਂ ਜੁੜਦੀਆਂ
ਇਹ 'ਕਮਲ' ਗੇੜ ਹੈ ਵਕਤ ਦਾ, ਉਹ ਘੜੀਆਂ ਨਹੀਉਂ ਮੁੜਦੀਆਂ
ਬਹਿ ਯਾਦਾਂ ਦੀ ਇਸ ਰੇਤ ਨੂੰ ਕਾਹਤੋਂ ਰਹੀਏ ਛਾਣ ਤੂੰ
ਦਿਲ ਕਰਦਾ ਹੁਣ ਫੇਰ ਤੋਂ ਬੱਚੇ ਜਿਹੇ ਬਣ ਜਾਣ ਨੂੰ।

00

ਪਤਝੜ ਵਰਗੀ ਜਿੰਦਗੀ

ਪਤਝੜ ਵਰਗੀ ਜਿੰਦਗੀ ਬਹਾਰ ਨੀ ਕੋਈ
ਕਿਸੇ ਸੋਹਣੇ ਸੁਪਨੇ ਵਰਗਾ ਸੰਸਾਰ ਨੀ ਕੋਈ
ਗਮਾਂ ਦੀ ਰਾਤ ਕਾਲੀ ਏ, ਬੁਝੇ ਅਰਮਾਨ ਨੇ ਮੇਰੇ
ਉਡੀਕੇ ਬੈਠ ਕੇ ਸਾਨੂੰ, ਐਸਾ ਦਿਲਦਾਰ ਨੀ ਕੋਈ
ਪਤਝੜ ਵਰਗੀ ਜਿੰਦਗੀ, ਬਹਾਰ ਨੀ ਕੋਈ
ਲੰਮੀ ਵਾਟ ਹੈ ਕੈਸੀ, ਜਿਹੜੀ ਮੁੱਕਣ ਤੇ ਆਵੇ ਨਾ
ਖੁਸ਼ੀ ਨੂੰ ਸਾਰੇ ਲੱਭਦੇ ਨੇ, ਦੁੱਖਾਂ ਨੂੰ ਕੋਈ ਬੁਲਾਵੇ ਨਾ
ਗਲ ਲਾਉਣ ਨੂੰ ਸਾਨੂੰ ਤਾਹੀਂ ਤਾਂ ਤਿਆਰ ਨੀ ਕੋਈ
ਪਤਝੜ ਵਰਗੀ ਜਿੰਦਗੀ ਵਿੱਚ ਬਹਾਰ ਨੀ ਕੋਈ
ਕਿਸੇ ਦੇ ਆਉਣ ਦੀ ਆਹਟ ਜੇ ਮੇਰੇ ਕੰਨੀਂ ਪੈ ਜਾਵੇ
ਫੜ ਕੇ ਹੱਥ ਮੇਰਾ ਉਹ, ਮੈਨੂੰ ਮੰਜਿਲ ਤੇ ਲੈ ਜਾਵੇ
ਵਿਰਾਨੀ ਦੂਰ ਤੱਕ ਛਾਈ, ਕਿਉਂ ਦਿਸਦਾ ਪਾਰ ਨੀ ਕੋਈ
ਪਤਝੜ ਵਰਗੀ ਜਿੰਦਗੀ, ਬਹਾਰ ਨੀ ਕੋਈ
ਕਿਤੇ ਰੁਕ ਜਾਵਾਂ ਦੋ ਪਲ, ਚੈਨ ਜੇ ਰੂਹ ਨੂੰ ਆ ਜਾਵੇ
ਵਰਿਆਂ ਤੋਂ ਪਿਆਸੇ ਆਂ, ਕੋਈ ਦੋ ਘੁੱਟ ਪਿਲਾ ਜਾਵੇ
ਕਿ ਜਿੰਦ ਮੁੱਕਣ ਤੇ ਆਈ ਏ 'ਕਮਲ' ਇਤਬਾਰ ਨੀ ਕੋਈ
ਪਤਝੜ ਦੇ ਵਰਗੀ ਜਿੰਦਗੀ ਬਹਾਰ ਨੀ ਕੋਈ
ਪਤਝੜ ਵਰਗੀ ਜਿੰਦਗੀ ਪਰ ਬਹਾਰ ਨੀ ਕੋਈ।

00

ਨਾਮ ਹੈ ਮਜਬੂਰੀ

ਮੇਰੇ ਨੈਣਾਂ ਵਿੱਚ ਹੰਝੂ ਨੇ
ਪਰ ਫਿਰ ਵੀ ਹੱਸ ਰਹੀ ਹਾਂ
ਮੇਰਾ ਨਾਮ ਹੈ ਮਜਬੂਰੀ
ਪਰ ਮੈਂ ਸਭ ਕੁਝ ਦਸ ਰਹੀ ਹਾਂ
ਇੱਕ ਭੁੱਖ ਹਾਂ ਗਰੀਬ ਦੀ ਕਿਸਮਤ ਜਿਹੀ
ਤਾਹੀਂ ਤਾਂ ਹਰ ਰੋਜ਼ ਚੱਕੀ ਵਿੱਚ ਪਿਸ ਰਹੀ ਹਾਂ
ਬੁੱਲਾਂ ਤੇ ਮੇਰੀ ਚੁੱਪ ਹੈ
ਪਰ ਸੁਪਨੇ ਮੇਰੇ ਬਹੁਤ ਨੇ
ਪਰ ਸੁਪਨਿਆਂ ਦੇ ਵਾਂਗੂੰ ਮੈਂ
ਮੁੱਢ ਤੋਂ ਕੱਚ ਰਹੀ ਹਾਂ
ਜਿਹਦੇ ਟੁੱਟਣ ਦਾ ਰਹਿੰਦਾ ਡਰ ਸਦਾ
ਤੇ ਆਖਰ ਟੁੱਟ ਹੀ ਜਾਵਦਾਂ
ਤਾਹੀਂ ਤਾਂ ਇਹਨਾਂ ਸੁਪਨਿਆਂ ਤੋਂ
ਹਰ ਵਾਰੀ ਬਚ ਰਹੀ ਹਾਂ
ਮੇਰੇ ਨੈਣਾਂ ਵਿੱਚ ਹੰਝੂ ਨੇ
ਪਰ ਫਿਰ ਵੀ ਹੱਸ ਰਹੀ ਹਾਂ
ਮੇਰਾ ਨਾਮ ਹੈ ਮਜਬੂਰੀ
ਪਰ ਮੈਂ ਸਭ ਕੁਝ ਦਸ ਰਹੀ ਹਾਂ....

00

ਮਾਂ ਦਾ ਦਿਲ

ਦੱਸਾਂ ਮੈਂ ਕਹਾਣੀ ਥੋਨੂੰ ਬੜੇ ਚਿਰ ਦੀ
ਇਸ਼ਕੇ ਦੀ ਅੱਗ ਵਿੱਚ ਅੰਨ੍ਹੀ ਫਿਰਦੀ
ਪੈ ਗਿਆ ਪਿਆਰ ਗੂੜਾ ਮਾਹੀ ਨਾਲ ਸੀ
ਦੋਵਾਂ ਦਾ ਹੀ ਹੋਇਆ ਇੱਕੋ ਜਿਹਾ ਹਾਲ ਸੀ
ਆਖਦੀ ਉਹ ਸੋਹਣੀ ਕਹਿੰਦੀ ਪਿਆਰ ਕਰਦੀ
ਕਹਿੰਦੀ ਤੇਰੇ ਬਿਨਾਂ ਮੇਰੀ ਜਿੰਦ ਮਰਦੀ
ਚੰਨ ਅਤੇ ਤਾਰੇ ਨਹੀਉਂ ਮੰਗਦੀ ਤੈਥੋਂ
ਗੱਲਾਂ ਉਹਦੀਆਂ ਦੇ ਵਿੱਚ ਰਾਂਝਾ ਆ ਗਿਆ
ਜਾਨੋ ਵੱਧ ਪਿਆਰੀ ਉਹਨੂੰ ਜੋ ਬਣਾ ਗਿਆ
ਆਖਦਾ ਮੈਂ ਤੇਰਾ ਸੋਹਣਾ ਪਿਆਰ ਹੀਰੀਏ
ਤੇਰੇ ਉਤੋਂ ਦਊਂ ਜਿੰਦ ਵਾਰ ਹੀਰੀਏ
ਤੂੰ ਹੀ ਮੇਰਾ ਜੱਗ ਤੂੰ ਸੰਸਾਰ ਨੀ
ਕਿਸੇ ਦਾ ਨਾ ਤੈਥੋਂ ਵੱਧ ਆਉਂਦਾ ਪਿਆਰੀ ਨੀ
ਅੰਬਰਾਂ ਦੇ ਤਾਰਿਆਂ ਦੀ ਗੱਲ ਨਾ ਕਰੀਂ
ਸੂਰਜ 'ਤੇ ਚੰਨ ਉੱਤੋਂ ਦਊ ਉਤਾਰ ਨੀ
ਤਾਰਿਆਂ ਦੇ ਨਾਲ ਤੇਰੀ ਮਾਂਗ ਭਰੂਗਾ
ਜਾਨ ਨਾਲੋਂ ਵੱਧ ਤੈਨੂੰ ਪਿਆਰ ਕਰੂੰਗਾ
ਚਲਦੀ ਕਹਾਣੀ ਰਹੀ ਬੜੀ ਦੇਰ ਸੀ
ਆਖਰ ਨੂੰ ਉਹ ਵੇਲਾ ਆਇਆ ਫੇਰ ਸੀ
ਜਾਨੋਂ ਵੱਧ ਪਿਆਰੀ, ਉਹਨੂੰ ਕਹਿਣ ਜੋ ਲੱਗੀ
ਆਖਦਿਆਂ ਚੁੱਪ ਚੁੱਪ ਰਹਿਣ ਜੋ ਲੱਗੀ
ਥੋੜੀ ਦੇਰ ਲਈ ਮੂਹੋਂ ਕੁਝ ਨਾ ਬੋਲੀ
ਕਹਿੰਦੀ ਮੇਰੇ ਪਿਆਰ ਨੂੰ ਨਾ ਬੈਠ ਕੇ ਤੋਲੀਂ
ਰਾਂਝਾ ਕਹਿੰਦਾ ਦੱਸ ਤੈਨੂੰ ਕੀ ਚਾਹੀਦਾ
ਦਊਗਾ ਪਿਆਰ ਤੈਨੂੰ ਪੂਰਾ ਮਾਹੀ ਦਾ
ਕਹਿੰਦੀ ਅੱਜ ਤੈਨੂੰ ਅਜਮਾ ਕੇ ਦੇਖਣਾ
ਤੇਰੇ ਪਿਆਰ ਵਾਲਾ ਪੂਰਾ ਭੱਠ ਸੇਕਣਾ
ਮੰਗਦੀ ਹਾਂ ਖੈਰ ਮੇਰੀ ਝੋਲੀ ਪਾ ਦੇਵੀਂ
ਮਾਂ ਦਾ ਜੋ ਦਿਲ ਕੱਢ ਕੇ ਲਿਆ ਦੇਵੀਂ
ਦੇਖੀਂ ਕਿਤੇ ਪਿਆਰ ਹੋ ਜਾਵੇ ਨਾ ਖਫਾ
ਪਾ ਕੇ ਵੇ ਪਿਆਰ ਪੂਰੀ ਕਰੀਂ ਤੂੰ ਵਫਾ

ਕੁਝ ਪਲ ਲਈ ਉਹ ਜਿਵੇਂ ਸੁੰਨ ਹੋ ਗਿਆ
ਸੋਹਣੀ ਦੇ ਪਿਆਰ ਵਿੱਚ ਗੁੰਮ ਹੋ ਗਿਆ।
ਇੱਕ ਪਾਸੇ ਮਾਂ ਦੂਜੇ ਪਾਸੇ ਹੀਰ ਸੀ
ਛੁੱਟ ਗਿਆ ਕਮਾਨ ਵਿੱਚੋਂ ਜਿਵੇਂ ਤੀਰ ਸੀ
ਚੁੱਪ-ਚਾਪ ਤੁਰ ਪਿਆ ਘਰ ਵੱਲ ਨੂੰ
ਸੋਚਿਆ ਨਾ ਉਹਨੇ ਬੀਤੇ ਉਸ ਕੱਲ ਨੂੰ
ਜਿਹਨੀਂ ਹੱਥੀਂ ਮਾਂ ਨੇ ਖਵਾਈਆਂ ਚੂਰੀਆਂ
ਅੱਜ ਉਹਦਾ ਪੁੱਤ ਪਾਉਣ ਆਇਆ ਦੂਰੀਆਂ
ਸੁੱਤੀ ਪਈ ਮਾਂ ਨੂੰ ਨਾ ਦੇਖ ਕੰਬਿਆ
ਦੇਖ ਲਉ ਕਲੇਜ਼ਾ ਮਾਂ ਦਾ ਕਿੰਝ ਠੰਬਿਆ
ਕੱਢ ਕੇ ਸੀ ਦਿਲ ਤਲੀ ਉਤੇ ਧਰਿਆ
ਭੋਰਾ ਨੀ ਸੀ ਮਾਂ ਦਾ ਫਿਕਰ ਕਰਿਆ
ਕਰਨੀ ਮਸ਼ੂਕ ਉਹਨੇ ਜਿਹੜੀ ਖੁਸ਼ ਸੀ
ਉਹਦੇ ਲਈ ਜੋ ਲੈ ਗਿਆ ਸਭ ਕੁਝ ਸੀ
ਲੰਮੀ ਵਾਟ ਲੋਕੋ ਉਹ ਖਿਆਲੀ ਹੋ ਗਿਆ
ਪਤਾ ਨਹੀਂ ਸੀ ਹੱਥੋਂ ਉਹਦੇ ਕੀ ਹੋ ਗਿਆ
ਜਾਂਦੇ-ਜਾਂਦੇ ਲੱਗੀ ਜਦੋਂ ਠੋਕਰ ਉਹਨੂੰ
ਡਿੱਗਿਆ ਧੜੱਕ ਲੱਗੀ ਸੱਟ ਸੀ ਉਹਨੂੰ
ਨਾਲੇ ਡਿੱਗ ਪਿਆ ਦਿਲ ਮਾਂ ਦਾ ਜੋ ਸੀ
ਪੁੱਤ ਦੀ ਖੁਸ਼ੀ ਦੇ ਲਈ ਕੀਤੀ ਨਾ ਜੋ ਸੀਅ
ਡਿੱਗੇ ਹੋਏ ਦਿਲ ਵਿੱਚੋਂ ਹੂਕ ਆ ਰਹੀ
ਲਾਲ ਮੇਰੇ ਤੈਨੂੰ ਤਾਂ ਨੀ ਸੱਟ ਵੇ ਲੱਗੀ
ਤੜਫਿਆ ਮਾਂ ਦਾ ਦਿਲ ਦੇਖੋ ਕਿੰਝ ਸੀ
ਪੁੱਤ ਦੇ ਬਿਨਾਂ ਜੋ ਨਾ ਰਹਿੰਦੀ ਬਿੰਦ ਸੀ
ਡਿੱਗੇ ਹੋਏ ਦਿਲ ਨੂੰ ਸੀ ਉਹਨੇ ਚੁੱਕਿਆ
ਕਰਨੀ ਮਾਸ਼ੂਕ ਖੁਸ਼ ਸੋਚ ਰੱਖਿਆ
ਦੇਖ ਕੇ ਜੋ ਦਿਲ ਉਹ ਵੀ ਦੰਗ ਰਹਿ ਗਈ
ਮੂੰਹ ਆਈ ਬਾਤ ਸਾਰੀ ਉਹਨੂੰ ਕਹਿ ਗਈ
ਮਾਂ ਦਾ ਪਿਆਰ ਮਿੱਟੀ ਵਿੱਚ ਰੋਲਤਾ
ਖੰਜਰ ਦੇ ਨਾਲ ਮਾਂ ਨੂੰ ਕਿੰਝ ਫੋਲਤਾ
ਤੇਰਾ ਦੱਸ ਕਿੱਦਾਂ ਮੈਂ ਪਿਆਰ ਕਰਾਂ ਵੇ
ਮੈਂ ਵੀ ਕਾਹਤੋਂ ਤੇਰੀ ਮਾਂ ਵਾਂਗੂੰ ਮਰਾਂ ਵੇ

ਅੱਜ ਜੋ ਏ ਮਾਂ ਦਾ ਨੀ ਬਣ ਸਕਿਆ
ਮੇਰਾ ਕੀ ਬਣੂ ਕੀ ਯਕੀਨ ਕਰਾਂ ਵੇ।
ਉੱਡ ਗਏ ਸੀ ਹੋਸ਼ ਸੁਣ ਉਸ ਗੱਭਰੂ
ਉਮਰਾਂ ਦੇ ਰੋਣੇ ਜਿਹੜਾ ਬੈਠ ਕੇ ਜਰੂ
ਖਤਮ ਕਹਾਣੀ ਹੋਈ ਦੋਹਾਂ ਪਾਸਿਓਂ
ਛੱਡਿਆ ਨਾ ਹੀਰ ਉਹਨੂੰ ਕਿਸੇ ਪਾਸਿਓਂ
ਸੁਣੀ ਸੀ ਕਹਾਣੀ ਮੈਂ ਵੀ ਦਾਦੀ ਮਾਂ ਕੋਲੋਂ
ਬਣ ਗਿਆ ਗੀਤ ਅੱਜ 'ਕਮਲ' ਕੋਲੋਂ
ਬੈਠ ਕੇ ਸੁਣਾਊ ਸਾਰੇ ਲੀਲਾਂ ਪਿੰਡ ਨੂੰ
ਛੱਡ ਦਿਓ ਲੋਕੋ ਪਿਆਰ ਵਾਲੀ ਹਿੰਡ ਨੂੰ
ਸੱਚਾ ਉਹ ਪਿਆਰ ਜਿਹੜਾ ਦਿਲੋਂ ਕਰਦਾ
ਮਾਂ ਦਾ ਨੀ ਦਿਲ ਲੋਕੋ ਕਦੇ ਮਰਦਾ...
ਸੱਚੀ ਮਾਂ ਦਾ ਨੀ ਦਿਲ ਲੋਕੋ ਕਦੇ ਮਰਦਾ.....
00

ਨਾਰੀ ਜਾਤ ਸਾਡੀ

ਕਿਸੇ ਵਹਿਸ਼ੀ ਦਰਿੰਦੇ ਨੇ ਮਾਰ ਸੁੱਟੀ
ਇੱਜਤ ਕਰਕੇ ਉਹਦੀ ਤਾਰ-ਤਾਰ ਲੋਕੋ
ਕਈ ਦੇਖ ਲੰਘੇ ਇਸ ਲਾਸ਼ ਤਾਈਂ
ਹੋਇਆ ਕੋਈ ਨਾ ਖਬਰਦਾਰ ਲੋਕੋ
ਕੀ ਬੀਤੀ ਹੋਊ ਉਸ ਆਤਮਾ ਤੇ
ਕੈਸੀ ਕੱਢੀ ਐ ਵੈਰੀਆਂ ਖਾਰ ਲੋਕੋ
ਅੱਖ ਕਿਸੇ ਦੀ ਹੰਝੂ ਨਾ ਕੇਰਦੀ ਸੀ
ਆਇਆ ਕਿਸੇ ਨੂੰ ਨਾ ਉਸ ਤੇ ਪਿਆਰ ਲੋਕੋ
ਹੁੰਦੀ ਆਪਣਿਆਂ ਨਾਲ ਤਾਂ ਦਿਲ ਰੋਂਦਾ
ਫਿਰ ਦਿੰਦੇ ਵੈਰੀ ਨੂੰ ਜਾਨੋਂ ਮਾਰ ਲੋਕੋ
ਕੀ ਸ਼ਮਾਂ ਏ ਕੈਸਾ ਹਨੇਰਾ ਛਾਇਆ
ਲੁੱਟੀ ਕਾਵਾਂ ਨੇ ਘੁੱਗੀਆਂ ਦੀ ਡਾਰ ਲੋਕੋ
ਉਹਦੀ ਚੀਕ ਨਾ ਪਈ ਕਿਸੇ ਕੰਨ ਤਾਈਂ
ਗੂੜ੍ਹੀ ਨੀਂਦ ਸੁੱਤੇ ਇੱਜਤ ਦੇ ਪਹਿਰੇਦਾਰ ਲੋਕੋ
ਜਿਹੜੇ ਲੋਕ ਕੰਜਕਾਂ ਨੂੰ ਪੂਜਦੇ ਨੇ
ਮਾਰਨ ਲਈ ਵੀ ਉਹੀ ਨੇ ਤਿਆਰ ਲੋਕੋ
ਕਿੱਥੇ ਜਾਵੇ ਹੁਣ ਨਾਰੀ ਜਾਤ ਸਾਡੀ
ਜਿਹੜੀ ਦੁਨੀਆਂ ਨੂੰ ਦਿੰਦੀ ਏ ਤਾਰ ਲੋਕੋ
ਸੂਲੀ ਟੰਗ ਦੇਵੋ ਜਾਲਮ ਦਰਿੰਦਿਆਂ ਨੂੰ
ਕਹਿੰਦੀ 'ਕਮਲ' ਜਾਨੋ ਦੇਵੋ ਮਾਰ ਲੋਕੋ।
00

ਉਸ ਕੁੜੀ ਦੀਆਂ ਯਾਦਾਂ

ਅੱਜ ਫਿਰ ਯਾਦਾਂ ਦੇ ਵਰਕੇ ਫੋਲਣ ਬਹਿ ਗਏ ਆਂ
ਲੈ ਫੇਰ ਪੁਰਾਣੀਆਂ ਯਾਦਾਂ ਦੇ ਨਾਲ ਖਹਿ ਗਏ ਆਂ
ਕਈ ਦੋਸਤ ਮਿੱਤਰ ਯਾਦ ਨੇ ਉਮਰ ਨਿਆਣੀ ਨੂੰ
ਪਰ ਦਿਲ ਨੂੰ ਭੁੱਲਦਾ ਮੇਰਾ ਉਸ ਮਰ ਜਾਣੀ ਨੂੰ
ਜੀਹਦੇ ਬੋਲ ਰੜਕਦੇ ਅੱਜ ਵੀ ਉਹ ਰਵਾ ਜਾਂਦੀ
ਲੱਖ ਭੁੱਲਣਾ ਚਾਹਵਾਂ ਫਿਰ ਵੀ ਚੇਤੇ ਆ ਜਾਂਦੀ
ਜਦ ਨਹਿਰ ਕਿਨਾਰੇ ਮਿਲੇ ਸੀ ਪਹਿਲੀ ਵਾਰ ਅਸੀਂ
ਜਦੋਂ ਕੱਠਿਆਂ ਬਹਿ ਕੇ ਕੀਤੇ ਸੀ ਇਕਰਾਰ ਅਸੀਂ
ਉਹ ਹੱਸਣਾ ਤੇ ਸੰਗ ਜਾਣਾ ਮੈਨੂੰ ਮਾਰ ਜਾਂਦਾ
ਦਿਲ ਮੱਲੋ ਮੱਲੀ ਜਿੱਤੀ ਬਾਜ਼ੀ ਹਾਰ ਜਾਂਦਾ.....
ਉਹ ਵਾਂਗ ਫਕੀਰਾਂ ਪਿੰਡ ਮੇਰੇ ਵਿੱਚ ਆਈ ਸੀ
ਜੀਹਨੇ ਸਾਂਝ ਮੇਰੇ ਨਾਲ ਬਚਪਨ ਤੋਂ ਪਾਈ ਸੀ
ਉਹ ਭੁੱਲਦੀਆਂ ਨਹੀਉਂ ਥਾਵਾਂ ਜਿੱਥੇ ਖੇਡਦੇ ਸੀ
ਬੜਾ ਗੱਲੀਂ ਬਾਤੀਂ ਇੱਕ ਦੂਜੇ ਨੂੰ ਛੇੜਦੇ ਸੀ
ਇੱਕ ਪਲ ਵੀ ਇੱਕ ਦੂਜੇ ਤੋਂ ਦੂਰ ਨਾ ਰਹਿੰਦੇ ਸੀ
ਘਰ ਮਿੱਟੀ ਦੇ ਬਣਾ ਕੇ ਆਪਣੇ ਕਹਿੰਦੇ ਸੀ
ਕੁਝ ਰਹਿੰਦਾ ਨਾ ਸਾਨੂੰ ਯਾਦ ਹਨੇਰੇ ਹੋ ਜਾਂਦੇ
ਘਰ ਮਿੱਟੀ ਦੇ ਬਣਾਏ ਫੇਰ ਲੁਕੋ ਜਾਂਦੇ
ਜਦ ਦਿਨ ਚੜਦਾ ਉਹਦੀ ਖਿੱਚ ਸੀਨੇ ਨੂੰ ਪੈਂਦੀ ਸੀ
ਉਹਨੂੰ ਮਿਲਣ ਦੀ ਚਾਹਤ ਹਰ ਪਲ ਮੈਨੂੰ ਰਹਿੰਦੀ ਸੀ
ਗਿਆ ਸਮਾਂ ਬੀਤਦਾ, ਇੱਕ ਦਿਨ ਐਸਾ ਆਇਆ ਸੀ
ਉਹ ਵਿੱਛੜ ਗਈ ਤੇ ਮੈਨੂੰ ਖੂਬ ਰਵਾਇਆ ਸੀ
ਬੜਾ ਰੋਏ ਉਹਦੀ ਯਾਦ 'ਚੋਂ ਝੱਲੇ ਹੋਏ ਸਾਂ
ਜੱਗ ਵਸਦਾ ਭਾਵੇਂ ਲੱਖ ਪਰ ਕੱਲੇ ਹੋਏ ਸਾਂ
ਬੜਾ ਮਨ ਸਮਝਾਇਆ ਉਹਨੂੰ ਦਿਲੋਂ ਭੁਲਾਉਣ ਲਈ
ਜਿਹੜੀ ਵਾਅਦਾ ਕਰਕੇ ਤੁਰ ਗਈ ਮੁੜ ਨਾ ਆਉਣ ਲਈ।
ਕਈ ਵਰ੍ਹੇ ਬੀਤ ਗਏ ਇਹ ਯਾਦਾਂ ਗਲ ਲਾਈਆਂ ਨੂੰ
ਪੜ੍ਹ ਲੈਣਾ ਚਿੱਠੀਆਂ ਉਹਦੇ ਵਲੋਂ ਪਾਈਆਂ ਨੂੰ
ਕਿੰਝ ਕਿਸਮਤ ਹੱਥੋਂ ਹੋਏ ਸੀ ਮਜਬੂਰ ਉਦੋਂ
ਲੈ ਖਿੱਚ ਲਿਆਈ ਕਿਸਮਤ ਕਿੰਨੀ ਦੂਰ ਉਹਤੋਂ
ਕਈ ਵਰ੍ਹੇ ਬੀਤ ਗਏ ਹੁਣ ਤਾਂ ਏਥੇ ਆਇਆ ਨੂੰ

ਤੇ ਵਿੱਚ ਅਮਰੀਕਾ ਸੋਹਣੇ ਮਹਿਲ ਵਸਾਇਆਂ ਨੂੰ
ਚਾਹੇ ਘਾਟ ਨੀ ਕੋਈ ਮੈਨੂੰ ਪਰ ਦਿਲ ਭਰ ਆਉਂਦਾ ਏ
ਜਦੋਂ ਇਸ਼ਕ ਦੀ ਗੱਲ ਕੋਈ ਕੋਲੇ ਬੈਠ ਸੁਣਾਉਂਦਾ ਏ
ਹੁਣ ਦਿਲ ਤੇ ਪੱਥਰ ਧਰ ਕੇ ਸਮਾਂ ਲੰਘਾਉਂਦੇ ਆਂ
ਤੇ ਯਾਦ ਉਹਦੀ ਨੂੰ ਘੁੱਕੇ ਸੀਨੇ ਲਾਉਂਦੇ ਆਂ

ਪਰ ਅੱਜ ਅਣਹੋਣੀ ਅੱਜ ਏ ਜਿਹੜੀ ਹੋਈ ਏ
ਕਈ ਵਰਿਆਂ ਦੇ ਬਾਅਦ ਮੁਹਰੇ ਆ ਖਲੋਈ ਏ
ਮੈਂ ਦੇਖੀ ਜਾਵਾਂ ਉਹਨੂੰ ਉਸੇ ਮੂਰਤ ਨੂੰ
ਕਿੰਨੀ ਰਲਦੀ ਮਿਲਦੀ ਉਹਦੇ ਨਾਲ ਇਸ ਸੂਰਤ ਨੂੰ
ਜੀਅ ਕੀਤਾ ਉਹਨੂੰ ਘੁੱਟ ਸੀਨੇ ਨਾਲ ਲਾਵਾਂ ਮੈਂ
ਫਿਰ ਬਚਪਨ ਦੀ ਉਹ ਸਾਰੀ ਬੈਠ ਸੁਣਾਵਾਂ ਮੈਂ
ਪਰ ਇਹ ਤਾਂ ਉਹ ਨੀ ਹੈਗੀ ਜਿਹੜੀ ਛੱਡਗੀ ਸੀ
ਜਿਹੜੀ ਇਸ਼ਕ ਦੇ ਬੂਟੇ ਨੂੰ ਹੀ ਜੜ੍ਹ ਤੋਂ ਵੱਡਗੀ ਸੀ
ਕਿੰਨਾ ਫੇਰ ਰਵਾਇਆ ਅੱਜ ਮੈਨੂੰ ਉਹਦੇ ਵਰਗੀ ਨੇ
ਜਿਵੇਂ ਫੇਰ ਕਹਾਣੀ ਮੁੱਢ ਤੋਂ ਹੋਵੇ ਪੜ੍ਹਲੀ ਮੈਂ
ਕਿਉਂ ਯਾਦਾਂ ਦੇ ਵਰਕੇ ਬੈਠੇ ਫੋਲ ਅਸੀਂ
ਤੇ ਦਿਲ ਦਾ ਦਰਦ ਸੁਣਾਤਾਂ ਮੂੰਹੋਂ ਬੋਲ ਅਸੀਂ।

00

ਮੈਂ ਨਜ਼ਮ ਹਾਂ ਮੈਂ ਗੀਤ ਹਾਂ

ਮੈਂ ਨਜ਼ਮ ਹਾਂ ਮੈਂ ਗੀਤ ਹਾਂ
ਮੈਂ ਰੂਹ ਤੇਰੀ ਦਾ ਖਿਆਲ ਹਾਂ
ਮੈਨੂੰ ਸਮਝੀ ਨਾ ਕਦੇ ਦੂਰ ਤੂੰ
ਮੈਂ ਹਰ ਪਲ ਤੇਰੇ ਨਾਲ ਹਾਂ
ਮੈਂ ਨਜਮ ਹਾਂ ਮੈਂ ਗੀਤ ਹਾਂ
ਮੈਂ ਰੂਹ ਤੇਰੀ ਦਾ ਖਿਆਲ ਹਾਂ....
ਤੇਰੇ ਸਾਹਾਂ ਦੇ ਵਿੱਚ ਵਸ ਰਹੀ
ਤੈਨੂੰ ਸੱਚੀ ਗੱਲ ਮੈਂ ਦੱਸ ਰਹੀ
ਮੈਂ ਵਰਿਆਂ ਦੀ ਤੇਰੀ ਭਾਲ ਹਾਂ
ਮੈਂ ਨਜ਼ਮ ਹਾਂ ਮੈਂ ਗੀਤ ਹਾਂ
ਮੈਂ ਰੂਹ ਤੇਰੀ ਦਾ ਖਿਆਲ ਹਾਂ....
ਕਿਸੇ ਯੋਗ ਦੀ ਕੋਈ ਸਾਧਨਾ
ਮੈਂ ਤਪੱਸਿਆ ਤੇ ਅਰਾਧਨਾ
ਤੇ ਸਵਰ ਜਿਹੀ ਮੈਂ ਚਾਲ ਹਾਂ
ਮੈਂ ਨਜਮ ਹਾਂ ਮੈਂ ਗੀਤ ਹਾਂ
ਮੈਂ ਰੂਹ ਤੇਰੀ ਦਾ ਖਿਆਲ ਹਾਂ....
ਤੂੰ ਪਿੱਛੇ ਮੁੜ ਕੇ ਦੇਖ ਲੈ
ਮੈਂ ਸਾਇਆ ਤੇਰਾ ਬਣ ਗਈ
ਤੇਰੇ ਨਾਲ ਨਾਲ ਤੁਰਦੀ ਰਹੀ
ਜਿੱਥੇ ਆਖਿਆ ਮੈਂ ਖੜ੍ਹ ਗਈ
ਤੂੰ ਸੋਹਣਾ ਜਿਹਾ ਇੱਕ ਗੀਤ ਏ
ਮੈਂ ਉਸੇ ਦੀ ਸੁਰ ਤਾਲ ਹਾਂ
ਮੈਂ ਨਜ਼ਮ ਹਾਂ ਮੈਂ ਗੀਤ ਹਾਂ
ਮੈਂ ਰੂਹ ਤੇਰੀ ਦਾ ਖਿਆਲ ਹਾਂ
ਮੈਂ ਰੂਹ ਤੇਰੀ ਦਾ ਖਿਆਲ ਹਾਂ...
00

ਲਾਸ਼

ਕਿਸੇ ਲਾਸ਼ ਨੂੰ ਮਚਾਉਣ ਦੀ ਤਿਆਰੀ ਹੋ ਰਹੀ ਏ
ਕਿਸੇ ਦਾ ਦਿਲ ਰੋ ਰਿਹਾ ਏ, ਕਿਸੇ ਦੀ ਅੱਖ ਰੋ ਰਹੀ ਏ
ਕੌਣ ਸੁੱਤਾ ਏ ਏਸ ਸੇਜ਼ ਤੇ ਉਮਰਾਂ ਦਾ ਨੀਂਦਰਾ
ਕਿੰਨਾ ਬੇਖਬਰ ਏਸ ਲੋਅ ਤੋਂ, ਜੀਹਨੂੰ ਅੱਗ ਟੋ ਰਹੀ ਏ
ਕਿਸੇ ਲਾਸ਼ ਨੂੰ ਮਚਾਉਣ ਦੀ ਤਿਆਰੀ ਹੋ ਰਹੀ ਏ...
ਕੋਈ ਨੈਣੋਂ ਹੰਝੂ ਕੇਰਦਾ, ਕੋਈ ਦਿਖਾਵਾ ਹੀ ਹੈ ਕਰ ਰਿਹਾ
ਕੋਈ ਨੇੜਲਾ ਵੀ ਹੋਵੇਗਾ, ਜੀਹਦਾ ਖੂਨ ਅੱਜ ਹੈ ਮਰ ਰਿਹਾ
ਮੈਨੂੰ ਸਮਝ ਨਹੀਂ ਆ ਰਹੀ, ਏਥੇ ਬੀਤ ਜੋ ਰਹੀ ਏ
ਕਿਸੇ ਲਾਸ਼ ਨੂੰ ਮਚਾਉਣ ਦੀ ਤਿਆਰੀ ਹੋ ਰਹੀ ਏ...
ਕੋਈ ਤੁਰ ਜਾਵੇ, ਕੋਈ ਆ ਜਾਵੇ, ਇਹ ਰੀਤ ਕੈਸੀ ਜੱਗ ਦੀ
ਕਿਤੇ ਖੁਸ਼ੀ ਦੀ ਲੋਹੜੀ ਬਲੇ, ਕਿਤੇ ਬਲੇ ਸਿਵੇ ਦੀ ਅੱਗ ਜੀ
ਇਨਸਾਨਾਂ ਦੀ ਇਸ ਭੀੜ 'ਚੋਂ, ਜਿੰਦ ਕੁਝ ਪਾ ਤੇ ਖੋ ਰਹੀ ਏ
ਕਿਸੇ ਲਾਸ਼ ਨੂੰ ਮਚਾਉਣ ਦੀ ਤਿਆਰੀ ਹੋ ਰਹੀ ਏ.....
ਕਿਉਂ ਸੰਘਣੀ ਇਸ ਛਾਂ ਨੂੰ ਤੂਫਾਨਾਂ ਨੇ ਹੈ ਰੋਲਤਾ
ਕਈ ਕਹਿੰਦੇ ਨੇ ਇਸ ਲਾਸ਼ ਨੂੰ, ਇੱਕ ਵਾਰੀ ਮੂੰਹੋਂ ਬੋਲ ਤਾਂ
ਕਿਵੇਂ ਬੋਲੇ 'ਕਮਲ' ਏ ਚੁੱਪ ਹੁਣ, ਜੋ ਗੂੜ੍ਹੀ ਨੀਂਦ ਸੋ ਰਹੀ ਏ
ਕਿਸੇ ਲਾਸ਼ ਨੂੰ ਮਚਾਉਣ ਦੀ ਤਿਆਰੀ ਹੋ ਰਹੀ ਏ
ਕਿਸੇ ਲਾਸ਼ ਨੂੰ ਮਚਾਉਣ ਦੀ ਤਿਆਰੀ ਹੋ ਰਹੀ ਏ।
00

ਲਫ਼ਜ਼ਾਂ ਦੀ ਸੋਗਾਤ

ਪੁੱਛਦੇ ਨੇ ਕੁਝ ਲੋਕ, ਕਿਉਂ ਲਫਜ਼ਾਂ 'ਚੋਂ ਖੁੱਭੀ ਰਹਿੰਨੀ ਏ
ਕਿਉਂ ਆਪਣੇ ਹਰ ਇੱਕ ਦਰਦ ਨੂੰ, ਇੱਕ ਨਜ਼ਮ ਵਾਂਗੂੰ ਕਹਿੰਨੀ ਏ
'ਮੈਂ ਆਖਿਆ, ਇਹ ਲਫਜ਼ ਨੇ, ਜੋ ਸਾਥ ਨੇ ਨਿਭਾ ਰਹੇ
ਕਈ ਖੂਨ ਦੇ ਰਿਸ਼ਤੇ ਵੀ ਨੇ, ਜਿਹੜੇ ਮੈਥੋਂ ਦੂਰ ਜਾ ਰਹੇ
ਏਥੇ ਰੂਹ ਦਾ ਕੋਈ ਸਾਥੀ ਨੀ, ਜੋ ਦਰਦ ਮੇਰਾ ਪੜ੍ਹ ਜਾਵੇ
ਹੈ ਕੋਈ ਇਹਨਾਂ ਲਫਜ਼ਾਂ ਜਿਹਾ, ਜੋ ਨਾਲ ਮੇਰੇ ਖੜ੍ਹ ਜਾਵੇ।
ਇੱਕ ਕਲਮ ਹੈ ਮੇਰੀ ਜੋ, ਹਰ ਦਰਦ ਮੇਰਾ ਸਹਿੰਦੀ ਏ
ਪੁੱਛਦੇ ਨੇ ਕਈ ਲੋਕ ਕਿਉਂ, ਲਫਜ਼ਾਂ 'ਚੋਂ ਖੁੱਭੀ ਰਹਿੰਦੀ ਏ.....
ਕਿਤੇ ਕੱਲਿਆਂ ਬਹਿ ਕੇ ਲਿਖ ਦੇਵਾਂ, ਉਮਰਾਂ ਦੀ ਸਾਰੀ ਬਾਤ ਨੂੰ
ਕੋਈ ਦਿਲ ਆਪਣੇ 'ਚੋਂ ਰੱਖ ਲਵੇ, ਮੇਰੇ ਲਫਜ਼ਾਂ ਦੀ ਸੋਗਾਤ ਨੂੰ
ਮੇਰੇ ਜਾਣ ਮਗਰੋਂ ਉਹਨੂੰ ਜਦ, ਘਾਟ ਮੇਰੀ ਪੈਂਦੀ ਏ
ਪੁੱਛਦੇ ਨੇ ਕੁਝ ਲੋਕ ਕਿਉਂ ਲਫ਼ਜ਼ਾਂ 'ਚ ਖੁੱਭੀ ਰਹਿੰਨੀ ਏ
ਲਿਖਦੀ ਰਵਾਂ ਉਹਦੀ ਯਾਦ ਨੂੰ, ਲਿਖ ਕੇ ਕਹਾਣੀ ਪੜ੍ਹ ਲਵਾਂ
ਉਹਦੀ ਯਾਦ ਦਾ ਕੋਈ ਲਫ਼ਜ਼ ਮੈਂ, ਕਿਸੇ ਗੀਤ ਵਿੱਚ ਵੀ ਜੜ ਲਵਾਂ
ਹਰ ਗ਼ਜ਼ਲ ਹਰ ਗੀਤ ਵਿੱਚ ਜਿੰਦ, ਨਾਮ ਉਹਦਾ ਲੈਂਦੀ ਏ
ਪੁੱਛਦੇ ਨੇ ਕਈ ਲੋਕ ਕਿਉਂ ਲਫ਼ਜ਼ਾਂ 'ਚ ਖੁੱਭੀ ਰਹਿੰਦੀ ਏ
ਪੁੱਛਦੇ ਨੇ ਕੁਝ ਲੋਕ 'ਕਮਲ' ਲਫ਼ਜ਼ਾਂ 'ਚ ਖੁੱਭੀ ਰਹਿੰਦੀ ਏ
00

ਨਜ਼ਮ

ਇੱਕ ਨਜਮ ਲਿਖ ਰਹੀ ਹਾਂ
ਤੇ ਲਿਖ ਕੇ ਪੜ੍ਹ ਰਹੀ ਹਾਂ
ਉਸ ਬੇਵਫਾ ਦੀ ਯਾਦ ਨੂੰ
ਲਫ਼ਜ਼ਾਂ 'ਚ ਮੜ੍ਹ ਰਹੀ ਹਾਂ
ਅੱਜ ਲਿਖਣਾ ਹੀ ਕੁਝ ਖਾਸ ਏ
ਜੋ ਯਾਦ ਮੈਨੂੰ ਆ ਰਿਹਾ
ਉਹ ਬੀਤਿਆ ਹੋਇਆ ਕੱਲ੍ਹ ਹੈ
ਜੋ ਮੈਨੂੰ ਰਵਾ ਰਿਹਾ
ਉਹਦੇ ਦਿੱਤੇ ਹੋਕੇ ਹੰਝੂਆਂ ਦੇ
ਨਾਲ ਲੜ ਰਹੀ ਹਾਂ
ਇੱਕ ਨਜ਼ਮ ਲਿਖ ਰਹੀ ਹਾਂ
ਤੇ ਲਿਖ ਕੇ ਪੜ੍ਹ ਰਹੀ ਹਾਂ
ਉਹ ਬੇਵਫਾ ਹਰਜਾਈ ਤੇ
ਪਿਆਰ ਸੀ ਮੇਰਾ
ਮੈਂ ਉਸਦੀ ਉਡੀਕ ਸਾਂ
ਉਹ ਇੰਤਜ਼ਾਰ ਸੀ ਮੇਰਾ
ਅੱਜ ਫੇਰ ਉਸਦੇ ਆਉਣ ਦੀ
ਉਡੀਕ ਕਰ ਰਹੀ ਹਾਂ
ਇੱਕ ਨਜ਼ਮ ਲਿਖ ਰਹੀ ਹਾਂ
ਤੇ ਲਿਖ ਕੇ ਪੜ੍ਹ ਰਹੀ ਹਾਂ
ਅੱਜ ਲਿਖ ਰਹੀ ਹਾਂ ਫੇਰ ਤੋਂ
ਉਸਦੀ ਸ਼ਰਾਰਤ ਨੂੰ
ਨਾ ਬੁੱਝ ਹੋਈ ਵਰ੍ਹਿਆਂ ਤੋਂ
ਪਾਈ ਬੁਝਾਰਤ ਨੂੰ
ਪਰ ਉਸਨੂੰ ਸਮਝਣ ਦੀ
ਕੋਸ਼ਿਸ਼ ਜਿਹੀ ਕਰ ਰਹੀ ਹਾਂ
ਇੱਕ ਨਜ਼ਮ ਲਿਖ ਰਹੀ ਹਾਂ
ਤੇ ਲਿਖ ਕੇ ਪੜ੍ਹ ਰਹੀ ਹਾਂ...
00

ਕੰਜਕਾਂ

ਮਾਂ ਮਮਤਾ ਦੀ ਮੂਰਤ ਹੁੰਦੀ
ਮਾਂ ਪਾਪ ਨਾ ਕਰਦੀ
ਧੀ ਨੂੰ ਕੁੱਖ ਵਿੱਚ ਫਿਰ ਕਿਉਂ ਮਾਰੇ
ਧੀ ਸੋਚ ਕੇ ਡਰਦੀ
ਹੁੰਦੀਆਂ ਕਿਉਂ ਮਜਬੂਰ ਨੇ ਮਾਵਾਂ
ਧੀਆਂ ਮਾਰਨ ਨੂੰ
ਕੰਜਕਾਂ ਮੁੱਕਦੀਆਂ ਲੋਕੋ ਦੁਨੀਆਂ ਤਾਰਨ ਨੂੰ....

ਧੀ ਤਾਂ ਹੁੰਦੀ ਪੱਗ ਬਾਪ ਦੀ
ਧੀ ਵੀਰਾਂ ਦੀ ਰੱਖੜੀ
ਧੀ ਬਿਨਾਂ ਸੰਸਾਰ ਨੀ ਚੱਲਦਾ
ਧੀ ਬਿਨ ਦੁਨੀਆਂ ਸੱਖਣੀ
ਮੌਤ ਹੱਥੋਂ ਮਜਬੂਰ ਹੁੰਦੀਆਂ ਆਖਰ ਹਾਰਨ ਨੂੰ
ਕੰਜਕਾਂ ਮੁੱਕਦੀਆਂ ਲੋਕੋ ਦੁਨੀਆਂ ਤਾਰਨ ਨੂੰ....

ਫਿਰ ਕਿਸੇ ਦੀ ਔਰਤ ਬਣਦੀ
ਨੂੰਹ ਕਿਸੇ ਦੀ ਬਣ ਕੇ
ਦੁੱਖਾਂ ਨੂੰ ਇਹ ਦਿਲ ਵਿੱਚ ਰੱਖਦੀ
ਜ਼ੁਲਮ ਸਹਿੰਦੀ ਏ ਤਨ ਤੇ
ਹੰਝੂ ਪੀਂਦੀਆਂ ਅੰਦਰੋਂ ਅੰਦਰੀ
ਇਹ ਹੱਡ ਖਾਰਨ ਨੂੰ, ਕੰਜਕਾਂ ਮੁੱਕਦੀਆਂ ਜਾਂਦੀਆਂ
ਲੋਕੋ ਦੁਨੀਆਂ ਤਾਰਨ ਨੂੰ....

ਮਾਂ ਮਮਤਾ ਨੂੰ ਮਾਰੀ ਜਾਂਦੀ
ਕੁਲ ਏ ਕੌਣ ਚਲਾਊ
ਰੱਖੜੀ ਦੇ ਤਿਉਹਾਰ ਨੂੰ ਰਹਿਣੇ
ਫਿਰ ਏ ਕੌਣ ਮਨਾਊ
ਤੀਆਂ ਵਰਗਾ ਮੇਲਾ ਮੁੱਕਜੂ, ਪੀਘਾਂ ਚਾੜ੍ਹਨ ਨੂੰ
ਕੰਜਕਾਂ ਮੁੱਕਦੀਆਂ ਜਾਂਦੀਆਂ ਲੋਕੋ, ਦੁਨੀਆਂ ਤਾਰਨ ਨੂੰ....

'ਕਮਲ' ਥੋਨੂ ਅੱਜ ਸੱਚ ਸੁਣਾਵੇ
ਧੀ ਜਿਹਾ ਦਾਨ ਨੀ ਕੋਈ
ਮਾਂ ਦੇ ਸਾਰੇ ਦਰਦ ਵੰਡਾਉਂਦੀ
ਜਦ ਇਹ ਵੱਡੀ ਹੋਈ
ਜਾਇਦਾਦਾਂ 'ਚੋਂ ਕੁਝ ਨਹੀਂ ਮੰਗਦੀ, ਨਾ ਘਰ ਪਾੜਨ ਨੂੰ
ਕੰਜਕਾਂ ਮੁੱਕਦੀਆਂ ਜਾਂਦੀਆਂ ਲੋਕੋ ਦੁਨੀਆਂ ਤਾਰਨ ਨੂੰ...
ਕੰਜਕਾਂ ਮੁੱਕਦੀਆਂ ਜਾਂਦੀਆਂ ਲੋਕੋ ਦੁਨੀਆਂ ਤਾਰਨ ਨੂੰ...
00

ਸੁਪਨਾ ਇੱਕ ਆਇਆ

ਲੰਮੀ ਵਾਟ ਅਣਜਾਣ ਰਸਤੇ, ਮੁੜ ਕਿਧਰ ਨੂੰ ਚੱਲੀ
ਚਾਰ ਚੁਫੇਰੇ ਛਾਈ ਉਦਾਸੀ, ਜਿੰਦ ਡਰਦੀ ਏ ਕੱਲੀ
ਨਾ ਕਿਧਰੇ ਮੈਨੂੰ ਮੰਜਿਲ ਦਿਸਦੀ, ਨਾ ਕੋਈ ਸਾਥ ਨਿਮਾਣਾ
ਸੱਚੀ ਜਾਵਾਂ ਕੱਲੀ ਹੁਣ ਮੈਂ, ਕਿਸ ਰਾਹਾਂ ਵੱਲ ਜਾਣਾ
ਵਿੱਚ ਖਿਆਲੀਂ ਡੁੱਬੀ ਕਿਧਰੇ, ਸੱਚੀਂ ਯਾਰ ਬਣਾਇਆ
ਚੱਲ ਇੱਕ ਸਾਥ ਮਿਲ ਗਿਆ ਰੂਹ ਨੂੰ, ਚੈਨ ਥੋੜਾ ਜਿਹਾ ਆਇਆ
ਵਿੱਚ ਖਿਆਲੀ ਪੈ ਕੇ ਕੈਸੀ ਸਾਂਝ ਉਹਦੇ ਨਾਲ ਪਾਈ
ਪਤਾ ਨੀ ਲੱਗਿਆ ਇਸ਼ਕ ਉਹਦੇ ਵਿੱਚ ਮੁੜ ਕਿਧਰ ਨੂੰ ਆਈ
ਲੰਮੀ ਵਾਟ ਇਸ਼ਕ ਦੀ ਕੈਸੀ ਕੈਸਾ ਯਾਰ ਬਣਾਇਆ
ਇੰਝ ਲੱਗੇ ਜਿਵੇਂ ਨਾਲ ਤੁਰੇ ਉਹ ਪਰ ਨਾਲ ਸੀ ਮੇਰਾ ਸਾਇਆ
ਪਿੱਛੇ ਮੁੜ ਕੇ ਦੇਖਿਆ ਜਦ ਮੈਂ ਰਹਿ ਗਏ ਦੂਰ ਕਿਨਾਰੇ
ਵਾਟਾਂ ਨੂੰ ਫਿਰ ਭੁੱਲ ਕੇ, ਸੱਜਣ ਹੋ ਗਏ ਜਾਨੋਂ ਪਿਆਰੇ
ਕੀ ਉਹਦਾ ਹੁਣ ਨਾਂ ਮੈਂ ਰੱਖਾਂ, ਕੈਸਾ ਜੋਗ ਕਮਾਇਆ
ਜੀਹਨੂੰ ਅੱਜ ਤੱਕ ਤੱਕਿਆ ਨਾ ਮੈਂ, ਵਿੱਚ ਖਿਆਲੀਂ ਪਾਇਆ
ਇਸ ਰਿਸ਼ਤੇ ਦਾ ਨਾਂ ਕੀ ਰੱਖਾਂ ਕਿੰਝ ਦਿਲ ਨੂੰ ਸਮਝਾਵਾਂ
ਇਹ ਤਾਂ ਤੇਰੀ ਸੋਚ ਕਮਲੀਏ, ਹੁਣ ਕਿੱਧਰ ਨੂੰ ਜਾਵਾਂ
ਦਿਲ ਚੜ੍ਹਿਆ ਫਿਰ ਐਸਾ, ਸੀ ਮੈਂ ਕੈਸੀ ਨੀਂਦਰ ਸੁੱਤੀ
ਸੋਚ ਮੇਰੀ ਦੀ ਨਵੀਂ ਕਹਾਣੀ ਦਿਨ ਚੜ੍ਹਦੇ ਨੂੰ ਲੁੱਟੀ
ਸੁਪਨੇ ਨੂੰ ਮੈਂ ਸੱਚ ਸਮਝਿਆ, ਸੋਚੀ ਯਾਰ ਬਣਾਇਆ
ਕੀ ਨਾਂ ਰੱਖਾਂ ਉਹਦਾ ਹੁਣ ਮੈਂ, ਜਿਹੜਾ ਬਣ ਸੁਪਨਾ ਇੱਕ ਆਇਆ
ਬਣ ਸੁਪਨਾ ਇੱਕ ਆਇਆ.....

00

ਅੱਖਰ ਚਾਰ ਲੋਕੋ

ਭਾਵੇਂ ਕਰਗੀ ਤਰੱਕੀ ਸਰਕਾਰ ਸਾਡੀ
ਕੋਈ ਲੈਂਦਾ ਨੀ ਧੀਆਂ ਦੀ ਸਾਰ ਲੋਕੋ
ਕਈ ਕੁੱਖ ਵਿੱਚ ਇਹਨਾਂ ਨੂੰ ਮਾਰਦੇ ਨੇ
ਕਈ ਦਾਜ ਦੀ ਬਲੀ ਦਿੰਦੇ ਚਾੜ ਲੋਕੋ
ਪੁੱਤਾਂ ਨਾਲ ਹੀ ਕਹਿੰਦੇ ਨੇ ਕੁਲ ਵਧਦੇ
ਧੀਆਂ ਜੰਮਣ ਤੋਂ ਖਾਂਦੇ ਨੇ ਖਾਰ ਲੋਕੋ
ਔਖੇ ਵੇਲੇ ਨੇ ਆਉਂਦੀਆਂ ਕੰਮ ਧੀਆਂ
ਹੋ ਜਾਂਦੇ ਜਦੋਂ ਪੁੱਤ ਬੇਰੁਜ਼ਗਾਰ ਲੋਕੋ
ਬਾਬੇ ਨਾਨਕ ਦੀ ਬਾਣੀ ਜੋ ਏ ਸੱਚ ਕਹਿੰਦੀ
ਰਾਜੇ ਰੰਕ ਨੇ ਇਹਦੇ ਦੇਣਦਾਰ ਲੋਕੋ
ਜਿਹੜੇ ਪੁੱਤਾਂ ਦੀਆਂ ਲੋਹੜੀਆਂ ਵੰਡਦੇ ਨੇ
ਥੋੜਾ ਧੀਆਂ ਨੂੰ ਕਰਨ ਪਿਆਰ ਲੋਕੋ
ਦੇਵੋ ਵਿਦਿਆ ਦਾ ਇਹਨਾਂ ਨੂੰ ਦਾਜ ਤੁਸੀਂ
ਮੰਨਣ ਜਿੰਦਗੀ ਵਿੱਚ ਨਾ ਫਿਰ ਹਾਰ ਲੋਕੋ
ਉਹ ਵੀ ਔਰਤ ਹੀ ਹੈ ਜੋ ਸਾਡੀ ਸਰਕਾਰ ਤੋਰੇ
ਜੀਹਦੇ ਬਿਨਾਂ ਹੈ ਜੱਗ ਬਿਮਾਰ ਲੋਕੋ
ਕਹਿੰਦੀ 'ਕਮਲ' ਇਹਨਾਂ ਤੇ ਗੌਰ ਕਰਿਉ
ਜਿਹੜੇ ਲਿਖੇ ਨੇ ਅੱਖਰ ਮੈਂ ਚਾਰ ਲੋਕੋ
ਜਿਹੜੇ ਲਿਖੇ ਨੇ ਅੱਖਰ ਮੈਂ ਚਾਰ ਲੋਕੋ

00

ਪਹਿਚਾਨ

ਮੈਂ ਕੀ ਹਾਂ ਤੇ ਮੇਰੀ ਔਕਾਤ ਵੀ ਕੀ ਹੈ
ਮੈਂ ਭੁੱਲੀ ਵੀ ਕੁਝ ਨਹੀਂ ਤੇ ਮੈਨੂੰ ਯਾਦ ਵੀ ਕੀ ਹੈ
ਮੈਂ ਵਰ੍ਹਿਆਂ ਤੋਂ ਲਿਖਦੀ ਰਹੀ ਏਸ ਸੱਚ ਨੂੰ ਲੋਕੋ
ਜਿਹੜੀ ਮਨਜ਼ੂਰ ਹੋਵੇ ਨਾ ਉਹ ਫਰਿਆਦ ਵੀ ਕੀ ਹੈ
ਮੈਂ ਐਸੇ ਖੂਹ ਦੇ ਕੋਲ ਹਾਂ ਕਿ ਜਿੱਥੇ ਪਿਆਸ ਬੁਝਦੀ ਨਹੀਂ
ਦੱਸਾਂ ਮੈਂ ਕਿੰਝ ਇਹਦੇ ਅੰਦਰ, ਛੁਪਿਆ ਰਾਜ ਵੀ ਕੀ ਹੈ
ਨਾਮ ਦੁਨੀਆਂ ਤੇ ਰਹਿੰਦਾ ਏ, ਜੀਹਦੀ ਪਹਿਚਾਨ ਬਣ ਜਾਵੇ
ਉਂਝ ਬੰਦੇ ਦੀ ਏਥੇ 'ਕਮਲ' ਬੁਨਿਆਦ ਵੀ ਕੀ ਹੈ।

00

ਸ਼ੇਅਰ

ਮੈਂ ਧੂੜ ਸਾਂ ਪੈਰਾਂ ਦੀ, ਉਹਨੇ ਅੰਬਰੀ ਬਿਠਾ ਦਿੱਤਾ
ਉਹਦੀ ਦੱਸੀ ਜਾਚ ਨੇ, ਮੈਨੂੰ ਜੀਣਾ ਸਿਖਾ ਦਿੱਤਾ
ਮੈਂ ਤਾਂ ਟੁੱਟ ਹੀ ਚੱਲੀ ਸਾਂ, ਉਹਨੇ ਫਿਰ ਤੋਂ ਜੋੜਿਆ
ਐਸਾ ਜੋੜਿਆ ਮੈਨੂੰ, ਮੇਰਾ ਦੁੱਖ ਭੁਲਾ ਦਿੱਤਾ
ਕਿਵੇਂ ਉਹਦਾ ਦੇਣ ਮੈਂ ਦੇਵਾਂ, ਜੋ ਰੱਬ ਬਣ ਕੇ ਆਇਆ ਏ
ਨਹੀਂ ਤਾਂ ਸਾਰੇ ਜੱਗ ਨੇ 'ਕਮਲ', ਸੱਚੀਂ ਬੜਾ ਰਵਾਇਆ ਏ....

00

ਸ਼ੇਅਰ
ਕਿਉਂ ਰੱਬਾ ਮੈਨੂੰ ਧੀ ਬਣਾਇਆ
ਕਿਉਂ ਲਿਖਤੇ ਲੇਖ ਏ ਕਾਲੇ
ਕੁੱਖ ਵਿੱਚ ਕਤਲ ਕਰਾਕੇ ਮੈਨੂੰ
ਮਾਂ ਖੈਰ ਪੁੱਤਾਂ ਦੀ ਭਾਲੇ।

00

ਕਿੱਸਾ ਰਜਨੀ

ਆਪਣੇ ਕਰਮ ਕਮਾ ਕੇ ਆਈਆਂ
ਧੀਆਂ ਭਾਗ ਜਗਾ ਕੇ ਆਈਆਂ
ਸੱਤੇ ਭੈਣਾਂ ਵਿੱਚ ਮਹਿਲਾ ਐਸਾ ਕਰਦੀਆਂ ਨੇ
ਫਿਰ ਵੀ ਆਪਣੇ ਬਾਪ ਦਾ ਪਾਣੀ ਭਰਦੀਆਂ ਨੇ...
ਚਾਵਾਂ ਲਾਡਾਂ ਨਾਲ ਜੋ ਪਲੀਆਂ
ਫੁੱਲਾਂ ਵਿੱਚ ਹੋਵਣ ਜਿਵੇਂ ਕਲੀਆਂ
ਸੋਹਦੀਆਂ ਨੇ ਬਾਬੁਲ ਦੀਆਂ ਗਲੀਆਂ
ਕਦੇ ਨਾ ਲੜਦੀਆਂ ਨੇ
ਫਿਰ ਵੀ ਆਪਣੇ ਬਾਪ ਦਾ ਪਾਣੀ ਭਰਦੀਆਂ ਨੇ...
ਇੱਕ ਦਿਨ ਸਭ ਨੂੰ ਕੋਲ ਬੁਲਾਇਆ
ਬਾਪ ਨੇ ਇੱਕੋ ਹੁਕਮ ਸੁਣਾਇਆ
ਦੱਸੋ ਕਰਮ ਕੀਹਦੇ ਤੁਸੀਂ ਖਾਵੋ
ਕੀਹਦੇ ਨਾਮ ਦੀ ਜੋਤ ਜਗਾਵੋ
ਕਿਹੜਾ ਮਾਲਕ ਦੁਨੀਆਂ ਦਾ
ਬਾਬੁਲ ਹੀ ਹੁੰਦਾ ਏ ਰਾਖਾ ਅਕਸਰ ਕੁੜੀਆਂ ਦਾ
ਸੱਤੇ ਭੈਣਾਂ ਖੜੀਆਂ ਕੋਲੇ
ਨਾ ਕੋਈ ਕਹੇ, ਤੇ ਨ ਕੋਈ ਬੋਲੇ
ਰਜਨੀ ਇੱਕੋ ਆਖ ਸੁਣਾਈ
ਮੈਂ ਤਾਂ ਕਿਸਮਤ ਆਪ ਬਣਾਈ
ਕਰਮ ਹਾਂ ਆਪਣੇ ਖਾਂਦੀ ਮੈਂ
ਜਿਹੜਾ ਲਿਖਿਆ ਦਾਣਾ ਪਾਣੀ
ਉਹ ਹਾਂ ਆਪ ਚਲਾਂਦੀ ਮੈਂ
ਸੁਣ ਕੇ ਰਾਜੇ ਹਰਖ ਸੀ ਚੜ੍ਹਿਆ
ਜਿਹੜਾ ਧੀ ਆਪਣੀ ਨਾਲ ਲੜਿਆ
ਕਹਿੰਦਾ ਦੇਖ ਛੋਟੀਆਂ ਭੈਣਾਂ
ਮੰਨਦੀਅ ਨੇ ਜੋ ਮੇਰਾ ਕਹਿਣਾ
ਦਿੱਤਾ ਜੋ ਮੇਰਾ ਖਾਂਦੀਆਂ ਨੇ
ਆਪਣੇ ਬਾਪ ਦੇ ਮੂਹਰੇ ਆ ਕੇ
ਰਹਿੰਦੀਆਂ ਸੀਸ ਝੁਕਾਂਦੀਆਂ ਨੇ
ਰਜਨੀ ਕਹਿੰਦੀ ਬਾਪ ਉਹ ਕਾਹਦਾ
ਜਿਹੜਾ ਮਾਣ ਕਰੇ ਹੁਣ ਜਿਆਦਾ

ਹੋਇਆ ਧੰਨ ਦੌਲਤ ਵਿੱਚ ਅੰਨ੍ਹਾ
ਉਹਨੂੰ ਮੈਂ ਕਿਉਂ ਪਿਆਰ ਵਿੱਚ ਬੰਨਾਂ
ਮੈਨੂੰ ਦੇਦੇ ਤੂੰ ਇੱਕ ਛੰਨਾਂ
ਕਰਮ ਮੈਂ ਆਪ ਬਣਾਲੂੰਗੀ
ਮੇਰੀ ਕਿਸਮਤ ਦਾ ਜੋ ਲਿਖਿਆ
ਜੇ ਮਿਲਿਆ ਬਹਿ ਕੇ ਖਾ ਲਊਂਗੀ
ਰਾਜਾ ਆਕੜ ਨਾਲ ਸੀ ਭਰਿਆ
ਵਿੱਚ ਸਭਾ ਦੇ ਹੁਕਮ ਸੀ ਕਰਿਆ
ਇਹਨੂੰ ਨਜ਼ਰੋਂ ਦੂਰ ਹਟਾਉ
ਕੋਈ ਕੋਹੜੀ ਲੱਭ ਲਿਆਉ
ਫਿਰ ਮੈਂ ਦੇਖਾਂ ਜਾਂਦੀ ਨੂੰ
ਛੱਡ ਕੇ ਐਸ਼ ਏ ਮਹਿਲਾਂ ਵਾਲੀ
ਕਰਮ ਜਿਹੇ ਬਾਪ ਬਣਾਂਦੀ ਨੂੰ

ਸੱਚਾ ਮਾਲਕ ਮੇਰਾ ਰਾਖਾ
ਮੋੜਾਂ ਕਦੇ ਨਾ ਤੇਰਾ ਆਖਾ
ਬੱਸ ਤੂੰ ਧੀ ਦਾ ਦਾਨ ਕਰਾਦੇ
ਚਾਹੇ ਕੌੜੀ ਨਾਲ ਵਿਆਹਦੇ
ਫਿਰ ਵੀ ਜਰਨੂੰ ਦੁੱਖਾਂ ਨੂੰ
ਮੈਂ ਤਾਂ ਕਰਮ ਹਾਂ ਆਪਣੇ ਖਾਂਦੀ
ਤੇਰੇ ਛੱਡ ਕੇ ਲੱਖਾਂ ਨੂੰ

ਰਾਜਾ ਅੱਗ ਵਾਂਗੂੰ ਸੀ ਮੱਚਦਾ
ਜਹਹਦਾ ਚਿਹਰਾ ਹੋਰ ਸੀ ਭੱਖਦਾ
ਪਰ ਮਾਂ ਦਾ ਦਿਲ ਸੀ ਤੱਪਦਾ
ਰੋਂਦੀ ਜਿਗਰ ਦੇ ਟੋਟੇ ਨੂੰ
ਰਾਜਾ ਸਮਝ ਕਿਉਂ ਨਾ ਸਕਿਆ
ਲੋਕੋ ਖਰੇ ਤੇ ਖੋਟੇ ਨੂੰ

ਪਿੰਗਲਾ ਖਾਰੀ ਵਿੱਚ ਬਿਠਾ ਕੇ
ਤੁਰ ਪਈ ਆਪਣੇ ਭਾਗ ਲਿਖ ਕੇ
ਕਿਸਮਤ ਮੂਹਰੇ ਆਈਏ

ਢਿੱਡੋਂ ਕਈ ਦਿਨਾਂ ਦੀ ਭੁੱਖੀ
ਲਗਦਾ ਬੜੀ ਤਿਆਹੀ ਏ।

ਦਰ ਦਰ ਉਤੇ ਰੋਟੀ ਮੰਗਦੀ
ਰਾਣੀ ਹੋ ਕੇ ਜਰ੍ਹਾਂ ਨਾ ਸੰਗਦੀ
ਨਾਲੇ ਢਿੱਡ ਪਿੰਗਲੇ ਦਾ ਭਰਦੀ
ਰੱਖ ਮਾਲਕ ਤੇ ਡੋਰਾਂ ਏ
ਜੇ ਢਿੱਡ ਲਾਏ ਨੇ ਰੱਬ ਨੇ
ਦਿੰਦਾ ਸਭ ਨੂੰ ਭੋਰਾ ਏ

ਥੱਕੀ ਹਾਰੀ ਬਹਿ ਗਈ ਛਾਵੇਂ
ਢਿੱਡ ਸੀ ਭੁੱਖਾ ਦੋਵਾਂ ਦਾ
ਕਹਿੰਦੀ ਖੈਰ ਮੈਂ ਮੰਗ ਲਿਆਵਾਂ
ਕਿਸੇ ਦੇ ਕੋਲ ਖਲੋਵਾਂ ਨਾ

ਪਿੰਗਲਾ ਬੈਠਾ ਹੇਠਾਂ ਛਾਂ ਜੋ
ਉਥੋਂ ਉੱਡੇ ਨੇ ਕੁਝ ਕਾਂ ਜੋ
ਟਿੱਚ ਅਮ੍ਰਿਤ ਦੇ ਬਾਣੀ ਏ
ਕਾਲੇ ਕਾਂ ਸੀ ਚਿੱਟੇ ਹੋਏ
ਇਹ ਕੀ ਅਜਬ ਕਹਾਣੀ ਏ
ਪਿੰਗਲਾ ਰੁੜ ਪਾਣੀ ਵਿਚ ਚੱਲਿਆ
ਉਸਨੂੰ ਦੇਖਿਆ ਕਿਸੇ ਨਾ ਕੱਲਿਆ
ਦੇਹ ਸੋਨੇ ਜਿਹੀ ਹੋਈ ਏ
ਲਗਦਾ ਰਾਜ ਕੁਮਾਰਾਂ ਵਰਗਾ
ਕੋਹੜ ਜੋ ਨਦੀ ਚ ਧੋਈ ਏ

ਰਜਨੀ ਆਕੇ ਲੱਭੇ ਸਾਰੇ
ਪਿੰਗਲਾ ਦਿਸੇ ਨਾ ਫੇਰ ਦੁਆਰੇ
ਉਹਨੂੰ ਸ਼ੱਕ ਜੀ ਹੋਈ ਏ
ਮੇਰਾ ਸਾਈਂ ਮਾਰ ਮੁਕਾਇਆ
ਕਹਿਕੇ ਜਾਂਦੀ ਰੋਈ ਏ

ਮਾੜੀ ਨੀਅਤ ਰੱਖੀ ਤੂੰ ਜਿਹੜੀ
ਕਾਹਤੋਂ ਕੀਤੀ ਹੇਰਾ ਫੇਰੀ
ਖਾਰੀ ਖਾਲੀ ਪਈ ਏ ਮੇਰੀ
ਦੰਸ ਕਿੱਥੇ ਸੁਹਾਗ ਮੇਰਾ
ਮੇਰਾ ਪਿੰਗਲਾ ਮੋੜ ਲਿਆਦੇ
ਕਰਦੀ ਮੈਂ ਧੰਨਵਾਦ ਤੇਰਾ।
ਉਹ ਸੀ ਸਵਰ ਸਿਦਕ ਦੀ ਸੱਚੀ
ਸੱਚੀ ਗੱਲ ਪਿੰਗਲੇ ਨੇ ਦੱਸੀ
ਉਹਦੇ ਲਈ ਨਿਸ਼ਾਨੀ ਰੱਖੀ
ਹੱਥ ਵਿੱਕ ਕੋਹੜ ਵਾਲਾ ਆਪਣਾ
ਸੱਚਾ ਮਾਲਕ ਮਿਹਰਾਂ ਕਰਦਾ
ਸਿੱਖ ਜੇ ਨਾਮ ਜਿਹੜਾ ਜਪਣਾ...
00

ਸੱਚ ਦੀ ਠੰਡੀ ਛਾਂ

ਆਉਣਾ ਜਾਣਾ ਤਾਂ ਦੁਨੀਆਂ ਤੇ ਲੱਗਿਆ ਹੀ ਰਹਿੰਦਾ
ਚੰਗੇ ਕੰਮਾਂ ਨਾਲ ਹੀ ਦੁਨੀਆ ਚੇਤੇ ਰੱਖਦੀਐ
ਮੰਦੇ ਕਦੇ ਨਾ ਬੋਲ ਬੋਲੀਏ ਏਸ ਜਵਾਨ ਵਿੱਚੋਂ
ਮਿੱਠੀ ਬਾਣੀ ਹੀ ਸਾਰਿਆਂ ਦੇ ਦਿਲ ਨੂੰ ਠੱਗਦੀ ਐ
ਦਿਲ ਵਿੱਚ ਪਿਆਰ ਜੇ ਰੱਖੀਏ, ਫਿਰ ਕੋਈ ਵੈਰੀ ਸਾਡਾ ਨੀ
ਲੱਖ ਝੂਠਾ ਦੀ ਚਾਹੇ ਏਥੇ ਦੁਨੀਆਂ ਵਸਦੀ ਐ
ਆਉਣਾ ਜਾਣਾ ਤਾਂ ਦੁਨੀਆਂ ਤੇ ਲੱਗਿਆ ਹੀ ਰਹਿੰਦਾ
ਚੰਗੇ ਕੰਮਾਂ ਨਾਲ ਹੀ ਦੁਨੀਆਂ ਚੇਤੇ ਰੱਖਦੀਐ....
ਝੂਠ ਫਰੇਬ ਤੇ ਵੈਰ ਨੂੰ ਜੇਕਰ ਦਿਲ 'ਚੋਂ ਕੱਢ ਦਈਏ
ਨਫਰਤ ਦੇ ਬੂਟੇ ਨੂੰ ਜੇਕਰ ਜੜ੍ਹ ਤੋਂ ਵੱਡ ਦਈਏ
ਸੱਚ ਦੀ ਠੰਡੀ ਛਾਂ ਹੀ ਹਰ ਇੱਕ ਦੁੱਖ ਨੂੰ ਕੱਜਦੀ ਏ...
'ਕਮਲ' ਕਦੇ ਨਾ ਮਾੜ ਕਰਮ ਕਮਾਈਏ ਦੁਨੀਆਂ ਤੇ
ਹੱਕ ਨਾ ਛੱਡੀਏ ਸਦਾ ਹੱਕ ਦਾ ਖਾਈਏ ਦੁਨੀਆਂ ਤੇ
ਝੂਠੀ ਪਰ ਇਹ ਦੁਨੀਆਂ ਕਦੇ ਨਾ ਹੱਕ ਤੇ ਰੱਜਦੀਏ
ਆਉਣਾ ਜਾਣਾ ਤਾਂ ਦੁਨੀਆਂ ਤੇ ਲੱਗਿਆ ਹੀ ਰਹਿੰਦਾ
ਚੰਗੇ ਕੰਮਾਂ ਨਾਲ ਹੀ ਦੁਨੀਆਂ ਚੇਤੇ ਰੱਖਦੀ ਐ....

00

ਕਿੰਝ ਸਮਝਾਵਾਂ

ਰੋਜ਼ ਦੁਆ ਅਸੀਂ ਰੱਬ ਤੋਂ ਮੰਗੀ
ਮਹਿਲਾਂ ਤੋਂ ਸਾਨੂੰ ਕੁੱਲੀ ਚੰਗੀ
ਚਾਹੇ ਦੁੱਖਾਂ ਨਾਲ ਸ਼ਿੰਗਾਰੀ
ਲਗਦੀ ਫਿਰ ਵੀ ਜਾਨੋਂ ਪਿਆਰੀ
ਕੱਟੀ ਜਾਵਾਂਗੇ ਬਹਿ ਤੰਗੀ
ਮਹਿਲਾਂ ਤੋਂ ਸਾਨੂੰ ਕੁੱਲੀ ਚੰਗੀ.....
ਦੌਲਤ ਵੈਰ ਮਨਾਂ ਵਿੱਚ ਪਾਵੇ
ਜਿਹੜਾ ਇਹਦੇ ਪਿੱਛੇ ਜਾਵੇ
ਥੋੜੀ ਖਾਈਏ ਸ਼ੁਕਰ ਮਨਾਈਏ
ਜਾਨ ਕਦੇ ਨੀ ਸੂਲੀ ਟੰਗੀ
ਮਹਿਲਾਂ ਤੋਂ ਸਾਨੂੰ ਕੁੱਲੀ ਚੰਗੀ....
ਕੁੱਲੀ ਦੇ ਵਿੱਚ ਰੱਬ ਹੈ ਵਸਦਾ
ਪਰ ਤਕੜਾ ਇਹਨੂੰ ਦੇਖਕੇ ਹੱਸਦਾ
ਮਾਣ ਕਰੇ ਸਦਾ ਪੈਸੇ ਵਾਲਾ
ਨਾ ਆਕੜ ਇਹਦੇ ਕੋਲ ਦੀ ਲੰਗੀ
ਮਹਿਲਾਂ ਤੋਂ ਸਾਨੂੰ ਕੁੱਲੀ ਚੰਗੀ....
'ਕਮਲ' ਦੌਲਤ ਕਦੇ ਨਾਲ ਜਾਂਦੀ
ਇਹ ਤਾਂ ਬਸ ਏਥੇ ਰਹਿ ਜਾਂਦੀ
ਕਿੰਝ ਸਮਝਾਵਾਂ ਮੈਂ ਲੋਕਾਂ ਨੂੰ
ਜਾਂਦੀ ਨੀ ਕਦੇ ਨਾਲ ਵੀ ਪੰਜੀ
ਮਹਿਲਾਂ ਤੋਂ ਸਾਨੂੰ ਕੁੱਲੀ ਚੰਗੀ।

00

ਜ਼ਮਾਨੇ ਦੀਆਂ ਠੋਕਰਾਂ

ਅਸੀਂ ਤਾਂ ਜਮਾਨੇ ਦੀਆਂ ਠੋਕਰਾਂ ਹੀ ਖਾਦੀਆਂ ਨੇ
ਰੋਦਿਆਂ ਨੂੰ ਸਾਨੂੰ ਕਦੇ ਗਲ ਕਿਸੇ ਲਾਇਆ ਨਹੀਂ
ਸਾਡੇ ਤਾਂ ਬਨੇਰੇ ਕਦੇ ਬੋਲਿਆ ਨੀ ਕਾਗ ਭੈੜਾ
ਲਿਖ ਕਦੇ ਖਤ ਅਸੀਂ ਸੱਜਣਾ ਨੂੰ ਪਾਇਆ ਨਹੀਂ
ਲੰਘਦੀ ਦੀਵਾਲੀ ਲੰਘ ਜਾਂਦੀਆਂ ਨੇ ਤੀਆਂ
ਕੋਈ ਵੀ ਤਿਉਹਾਰ ਅਸੀਂ ਹੱਸ ਕੇ ਮਨਾਇਆ ਨਹੀਂ
ਖੋਰੇ ਕਿਹੜਾ ਦੁੱਖ ਰਹਿੰਦਾ ਜਿੰਦਗੀ ਨੂੰ ਖੋਰਦਾ
ਰੋਗ ਤਾਂ ਅਵੱਲਾ ਭੈੜਾ ਇਸ਼ਕੇ ਲਾਇਆ ਨਹੀਂ
ਸੋਚ ਮੇਰੀ ਕਾਹਤੋਂ ਰਹਿੰਦੀ ਅੰਬਰਾਂ 'ਚ ਉੱਡਦੀ
ਖੁਦ ਨੂੰ ਮੈਂ ਪਰ ਕਦੇ ਅੰਬਰੀਂ ਉਡਾਇਆ ਨਹੀਂ
ਸੋਚਦੀ ਰਹਿੰਦੀ ਹਾਂ ਮੈਂ ਤਾਂ ਸਦਾ ਹੋਰਾਂ ਵਾਸਤੇ
ਆਪਣੇ ਲਈ ਮਹਿਲ ਕੋਈ ਸੋਚਾਂ ਦਾ ਬਣਾਇਆ ਨਹੀਂ
ਕੈਸੀ ਤਕਦੀਰ ਮੇਰੀ ਦੱਸ ਦਿਲਾ ਮੇਰਿਆ
ਰੱਬ ਕਦੇ ਤੇਰੇ ਲਈ ਖੁਸ਼ ਹੋ ਕੇ ਆਇਆ ਨਹੀਂ
ਖੈਰ ਮੰਗੀ ਉਹਨਾਂ ਲਈ ਵੀ ਜਿਹੜੇ ਬੁਰਾ ਸੋਚਗੇ
'ਕਮਲ' ਨੇ ਵੈਰ ਪਰ ਕਿਸੇ ਤਾਈਂ ਪਾਇਆ ਨਹੀਂ
ਅਸੀਂ ਤਾਂ ਜ਼ਮਾਨੇ ਦੀਆਂ ਠੋਕਰਾਂ ਹੀ ਖਾਦੀਆਂ ਨੇ
ਰੋਦਿਆਂ ਨੂੰ ਸਾਨੂੰ ਕਦੇ ਗਲ ਕਿਸੇ ਲਾਇਆ ਨਹੀਂ।

00

ਇਹ ਹੰਝੂ

ਝੂਠੇ ਚਿਹਰੇ ਫਿਰਦੇ ਦਰਦ ਵੰਡਾਉਂਦਾ ਕੋਈ ਨੀ
ਮੇਰੇ ਵਰਗੇ ਦੁੱਖਾਂ ਨੂੰ ਪਰ ਗਲ ਲਾਉਂਦਾ ਕੋਈ ਨੀ
ਨਿੱਤ ਮਹਿਫਲਾਂ ਸੱਜਦੀਆਂ ਗਾਉਣ ਵਜਾਉਣ ਦੀਆਂ
ਬਿਹਰੋਂ ਦਾ ਪਰ ਰਾਗ ਰੋਜ਼ਾਨਾ ਗਾਉਂਦਾ ਕੋਈ ਨੀ
ਹੱਥ ਸਭਨਾਂ ਦੇ ਛੁਰੀਆਂ ਵਾਰ ਲਕੋ ਕੇ ਕਰਦੇ ਨੇ
ਅੱਲੇ ਜ਼ਖ਼ਮਾਂ ਦੇ ਮੱਲ੍ਹਮ ਪਰ ਲਾਉਂਦਾ ਕੋਈ ਨੀ
ਕੀ ਹੋਇਆ ਜੇ ਜਿੱਤੀ ਬਾਜ਼ੀ ਹਰ ਕੇ ਬਹਿ ਗਏ ਆ
ਸਾਡੇ ਵਾਂਗੂੰ ਹਰ ਕੇ ਜਸ਼ਨ ਮਨਾਉਂਦਾ ਕੋਈ ਨੀ
ਰੱਬ ਹੀ ਜਾਣੇ ਕਿਹੜੇ ਰੰਗੀ ਰੱਖਣਾ ਚਾਹੁੰਦਾ ਏ
ਕਿਸਮਤ ਏਨੀ ਮਾੜੀ ਪਰ ਲਖਵਾਉਂਦਾ ਕੋਈ ਨੀ
'ਕਮਲ' ਤੇਰੇ ਇਹ ਹੰਝੂ ਇੱਕ ਦਿਨ ਦੁੱਖ ਨੂੰ ਧੋਵਣਗੇ
ਕੀ ਹੋਇਆ ਜੇ ਤੇਰੇ ਦਰਦ ਵੰਡਾਉਂਦਾ ਕੋਈ ਨੀ...।

00

ਬਣੂਗਾ ਨਸੀਬ

ਸਮਝੀ ਨਾ ਖੁਦ ਨੂੰ ਗਰੀਬ ਦਿਲਾ ਮੇਰਿਆ
ਤੇਰਾ ਲਿਖਿਆ ਹੀ ਬਣੂਗਾ ਨਸੀਬ ਦਿਲਾ ਮੇਰਿਆ
ਕਦੇ ਹੰਝੂਆਂ ਨੂੰ ਲਿਖੀਂ ਕਦੇ ਹੋਕਿਆਂ ਨੂੰ ਲਿਖੀਂ
ਰੱਖੀਂ ਖੁਦ ਨੂੰ ਲੁਕਾ ਕੇ, ਕਦੇ ਦੁਖੀ ਨਾ ਤੂੰ ਦਿਸੀਂ
ਰਹੀ ਬਣਕੇ ਹਮੇਸ਼ਾਂ ਹੀ ਰਕੀਬ ਦਿਲਾ ਮੇਰਿਆ
ਸਮਝੀਂ ਨਾ ਖੁਦ ਨੂੰ ਗਰੀਬ ਦਿਲਾ ਮੇਰਿਆ।

ਸੰਗ ਉਹਨਾਂ ਦਾ ਭੁੱਲੀਂ, ਜਿੰਨ੍ਹਾਂ ਵੈਰ ਹੀ ਕਮਾਏ
ਤੇਰੇ ਨਾਲ ਮਿੱਠੇ ਹੋਕੇ, ਸੀਨੇ ਖੰਜਰ ਚਲਾਏ
ਬੜਾ ਚਿਰ ਤੇਰੇ ਰਹੇ ਜੋ ਕਰੀਬ ਦਿਲਾ ਮੇਰਿਆ
ਸਮਝ ਨਾ ਖੁਦ ਨੂੰ ਗਰੀਬ ਦਿਲਾ ਮੇਰਿਆ...

ਰਿਹਾ ਲੱਭਦਾਂ ਪਿਆਰ ਤੂੰ ਤਾਂ ਦੁਨੀਆਂ ਵਿੱਚੋਂ
ਤੇਰੀ ਉਮਰਾਂ ਭਾਲ ਕਦੇ ਹੋਣੀ ਨਹੀਉਂ ਪੂਰੀ
ਜਿਹੜੇ ਤੈਨੂੰ ਸੀ ਪਿਆਰੇ, ਸਦਾ ਕੋਲ ਰੱਖੀਂ ਉਹਨੂੰ
ਕਦੇ ਦੇਖੀਂ ਨਾ ਉਹਨਾਂ ਦੇ ਵਿੱਚ ਜੱਗ ਵਾਲੀ ਦੂਰੀ
ਦੂਰ ਜਾਣ ਦੀ ਨਾ ਸੋਚੀਂ ਤਰਕੀਬ ਦਿਲਾ ਮੇਰਿਆ

ਸਮਝੀਂ ਨਾ ਖੁਦ ਨੂੰ ਗਰੀਬ ਦਿਲਾ ਮੇਰਿਆ
ਤੇਰਾ ਲਿਖਿਆ ਹੀ ਬਣੂਗਾ ਨਸੀਬ ਦਿਲਾ ਮੇਰਿਆ।
00

ਭੁੱਲ ਬੈਠਾ ਇਨਸਾਨ

ਭੁੱਲ ਬੈਠਾ ਇਨਸਾਨ ਕਿਉਂ ਆਪਣੀ ਹੀ ਔਕਾਤ ਨੂੰ
ਰਵੇ ਦੌਲਤਾਂ ਵਿੱਚ ਡੁੱਬਿਆ ਨਾ ਕੀਤਾ ਏ ਰੱਬ ਯਾਦ ਤੂੰ
ਮਰਨਾ ਤਾਂ ਹੁੰਦਾ ਸੱਚ ਹੈ ਤੇ ਜੀਣਾ ਮੁੱਢ ਤੋਂ ਝੂਠ ਏ
ਫਿਰ ਕੀ ਕਰੇਂਗਾ ਦੌਲਤਾਂ ਦੱਸ ਆਪਣੇ ਜਾਣ ਤੋਂ ਬਾਦ ਤੂੰ

ਦੂਜੇ ਦੇ ਗਮ ਨੂੰ ਦੇਖ ਕੇ ਨਾ ਅੱਖੋਂ ਹੰਝੂ ਰਿਸ਼ ਰਿਹਾ
ਕਿਉਂ ਆਪਣੇ ਲਈ ਹੀ ਸੋਚਦਾ ਕਿਉਂ ਦੂਜਾ ਨਹੀਉਂ ਦਿਸ ਰਿਹਾ
ਆਪਣੇ ਹੀ ਖਿਆਲਾਂ ਵਿੱਚ ਕਿਉਂ ਰਹਿੰਦਾ ਏ ਅਜ਼ਾਦ ਤੂੰ
ਭੁੱਲ ਬੈਠਾ ਇਨਸਾਨ ਕਿਉਂ ਆਪਣੀ ਹੀ ਔਕਾਤ ਨੂੰ

ਕਿਉਂ ਖੂਨ ਚਿੱਟੇ ਹੋ ਰਹੇ ਤੇ ਰਿਸ਼ਤੇ ਸਭ ਮਤਲਵ ਦੇ ਨੇ
ਏਥੇ ਸੱਚ ਦਾ ਕੋਈ ਭੇਦ ਨੀ, ਉਂਝ ਬੰਦੇ ਸਾਰੇ ਰੱਬ ਦੇ ਨੇ
ਨਾ ਦਿਲ ਦੁਖਾ ਕਿਸੇ ਹੋਰ ਦਾ, ਨਾ ਹੇਰਾ ਫੇਰੀ ਕਰ ਕਿਤੇ
ਤੂੰ ਸੋਚ ਸਭਨਾਂ ਵਾਸਤੇ, ਨਾ ਇੱਝ ਦਿਖਾ ਹੁਣ ਜਾਤ ਨੂੰ
ਭੁੱਲ ਬੈਠਾ ਇਨਸਾਨ ਕਿਉਂ ਆਪਣੀ ਹੀ ਔਕਾਤ ਨੂੰ।

ਸ਼ੇਅਰ
ਜੇ ਹੌਸਲਾ ਹੋਵੇ ਬੁਲੰਦ ਤਾਂ ਤਕਦੀਰ ਬਦਲ ਜਾਂਦੀ ਏ
ਮਾੜੀ ਕਿਸਮਤ ਵਾਲੀ ਆਪੇ ਲਕੀਰ ਬਦਲ ਜਾਂਦੀਏ
ਚਾਹੇ ਮੁਸ਼ਕਲਾਂ ਨੇ ਭਾਰੀਆਂ ਪਰ ਥੋੜਾ ਜਿਹਾ ਸਵਰ ਕਰ
ਇਹ ਮੁਸ਼ਕਲ ਤਾਂ ਆਪਣੇ, ਆਪ ਹੀ ਅਖੀਰ ਬਦਲ ਜਾਂਦੀ ਏ
00

ਮੰਦੇ ਚੰਗੇ ਬੋਲ

ਬੜੇ ਲਾਡਾਂ ਨਾਲ ਤੈਨੂੰ ਪਾਲਿਆ ਜਵਾਨ ਕੀਤਾ
ਦੇਖੀਂ ਕਿਤੇ ਸ਼ੇਰਾ ਸਾਡੇ ਸੁਪਨੇ ਨੂੰ ਤੋੜੀ ਨਾ
ਬਾਪੂ ਦੀ ਕਮਾਈ ਜਿਹੜੀ ਇੱਜ਼ਤ ਏ ਜੱਗ ਵਿੱਚ
ਪੱਗ ਉਹਦੀ ਚਿੱਟੀ ਕਿਤੇ ਪੈਰਾਂ ਵਿੱਚ ਰੋਲੀ ਨਾ
ਤੈਨੂੰ ਕੀ ਪਤਾ ਏ ਅਸੀਂ ਕਿੰਝ ਤੈਨੂੰ ਪਾਲਿਆ ਏ
ਗੱਲ ਤੇਰੀ ਅੱਜ ਤੱਕ ਕਹੀ ਕਦੇ ਮੋੜੀ ਨਾ
ਨਸ਼ਿਆਂ ਦੇ ਵਿੱਚ ਕਈ ਰੋਲਦੇ ਜਵਾਨੀ ਦੇਖ
ਪਰ ਤੂੰ ਜਵਾਨੀ ਕਦੇ ਨਸ਼ਿਆਂ 'ਚ ਰੋਲੀਂ ਨਾ
ਕਰੀਂ ਬਹੁਤ ਮਿਹਨਤਾਂ ਤੇ ਜੱਗ ਤੇ ਪਿਆਰ ਖੱਟੀਂ
ਮੰਦੇ ਚੰਗੇ ਬੋਲ ਕਦੇ ਕਿਸੇ ਨੂੰ ਵੀ ਬੋਲੀਂ ਨਾ
ਯਾਰਾਂ ਦਾ ਤੂੰ ਯਾਰ ਬਣੀਂ ਭੈਣਾਂ ਦਾ ਪਿਆਰ ਬਣੀਂ
ਜਿੰਦਗੀ ਦੇ ਵਿੱਚ ਪਰ ਕਦੇ ਵੀ ਤੂੰ ਡੋਲੀਂ ਨਾ...

00

ਸ਼ੇਅਰ

ਮਾਂ ਦੀ ਮਮਤਾਂ ਦਾ ਕੋਈ ਮੁੱਲ ਨਹੀਂ
ਬਚਪਨ ਤੋਂ ਸੋਹਣਾ ਕੋਈ ਫੁੱਲ ਨਹੀਂ
ਦਿਲਾਂ ਦੀ ਸਾਂਝ ਵਰਗੀ ਕੋਈ ਪ੍ਰੀਤ ਨਹੀਂ
ਲੋਰੀ ਨਾਲੋਂ ਮਿੱਠਾ ਜੱਗ ਤੇ ਕੋਈ ਗੀਤ ਨਹੀਂ
ਲਿਖਣ ਤੋਂ ਵੱਡੀ ਕੋਈ ਕਲਾ ਨਹੀਂ
ਬਿਮਾਰੀ ਤੋਂ ਵੱਡੀ ਕੋਈ ਬਲਾ ਨਹੀਂ
ਜਿੰਦਗੀ ਤੇ ਮੌਤ ਦੋ ਕਿਨਾਰੇ ਨੇ
ਆਸ ਤੇ ਯਾਦ ਦੋ ਸਹਾਰੇ ਨੇ
ਦੁੱਖ ਤੇ ਚੁੱਪ ਹੀ ਤਕਦੀਰ ਹੈ
'ਕਮਲ' ਮੌਤ ਹੀ ਬੰਦੇ ਦਾ ਅਖੀਰ ਹੈ।

00

ਇੰਝ ਨਾ ਵੰਡੀਏ

ਸੱਚਾ ਮਾਲਕ ਮੇਰਾ ਕਾਰਜ ਆਪ ਸੁਹੇਲੇ ਏ
ਦੁਨੀਆਂ ਉਤੇ ਲਗਦੇ ਰਹਿਣ ਖੁਸ਼ੀ ਦੇ ਮੇਲੇ ਏ
ਹਰ ਘਰ ਖੁਸ਼ੀਆਂ ਹੋਵਣ ਮਨ ਖੁਸ਼ੀਆਂ ਵਿਚ ਖੇਲੇ ਏ
ਦੁਨੀਆਂ ਉਤੇ ਲਗਦੇ ਰਹਿਣ ਖੁਸ਼ੀ ਦੇ ਮੇਲੇ ਏ....
ਕਰੇ ਸਲਾਮਾਂ ਹਰ ਕੋਈ ਸੋਹਣੇ ਸੂਰਜ ਨੂੰ
ਹਰ ਕੋਈ ਦੇਖੇ ਇੱਥੇ ਸੋਹਣਾ ਦਿਨ ਚੜ੍ਹਦਾ
ਅੰਮ੍ਰਿਤ ਬਾਣੀ ਸੁਣੀਏ ਬਹਿ ਕੇ ਅੰਮ੍ਰਿਤ ਵੇਲੇ ਏ
ਦੁਨੀਆਂ ਉੱਤੇ ਲਗਦੇ ਰਹਿਣ ਖੁਸ਼ੀ ਦੇ ਮੇਲੇ ਏ....
ਭੁੱਖ ਨਾ ਕੋਈ ਦੇਖੇ, ਨਾ ਕਿਤੇ ਹੋਵੇ ਗਰੀਬੀ ਏ
ਮਾਲਕ ਦੋ ਵੇਲੇ ਦੀ ਰੋਟੀ, ਲਿਖੇ ਨਸੀਬੀਂ ਏ
ਹੱਕ ਦੀ ਖਾ ਕੇ ਸ਼ੁਕਰ ਕਰਾਂ ਮੈਂ ਦੋਵੇਂ ਵੇਲੇ ਏ
ਦੁਨੀਆਂ ਉੱਤੇ ਲੱਗਦੇ ਰਹਿਣ ਖੁਸ਼ੀ ਦੇ ਮੇਲੇ ਏ.....
ਮਾਲਕ ਵਸਦਾ ਧਰਤੀ ਦੇ ਕਣ-ਕਣ ਦੇ ਅੰਦਰ ਏ
ਉਸ ਮਾਲਕ ਦਾ ਘਰ ਤਾਂ ਤੇਰੇ ਮਨ ਦਾ ਮੰਦਰ ਏ
ਪਤਾ ਨਹੀਂ ਕਿਹੜੇ ਰੰਗੀਂ ਵਸਦਾ ਕਿੱਥੇ ਖੇਲੇ ਏ
ਦੁਨੀਆਂ ਉੱਤੇ ਲੱਗਦੇ ਰਹਿਣ ਖੁਸ਼ੀਆਂ ਦੇ ਮੇਲੇ ਏ....
ਰੰਗੀ ਵਸਦੀ ਦੇਖਾਂ ਏਥੇ ਦੁਨੀਆਂ ਸਾਰੀ ਨੂੰ
ਫੁੱਲਾਂ ਵਾਂਗ ਸਜਾ ਦੇ ਰੱਬਾ ਏਸ ਕਿਆਰੀ ਨੂੰ
ਪਾਣੀ ਪਾ ਅੰਮ੍ਰਿਤ ਦਾ ਇਹਨੂੰ ਦੋਵੇਂ ਵੇਲੇ ਏ
ਦੁਨੀਆਂ ਉੱਤੇ ਲੱਗਦੇ ਰਹਿਣ ਖੁਸ਼ੀ ਦੇ ਮੇਲੇ ਏ....
'ਕਮਲ' ਕਦੇ ਨਾ ਕਰੀਏ ਏਥੇ ਮਾੜੇ
ਰਹਿ ਕੇ ਇਸ ਦੁਨੀਆਂ ਤੇ ਇੰਝ ਨਾ ਵੰਡੀਏ ਧਰਮ ਏਥੇ
ਰੰਗ ਖੂਨ ਦਾ ਇੱਕੋ ਫਿਰ ਕਿਉਂ ਪਏ ਝਮੇਲੇ ਏ
ਦੁਨੀਆਂ ਉੱਤੇ ਲੱਗਦੇ ਰਹਿਣ ਖੁਸ਼ੀ ਦੇ ਮੇਲੇ ਏ..

00

ਖੈਰ ਤੇਰੇ ਲਈ

ਅਸੀਂ ਹਰ ਵੇਲੇ ਹੀ ਖੈਰ ਤੇਰੇ ਲਈ ਮੰਗੀ ਐ ਸੱਜਣਾ
ਪਰ ਤੂੰ ਤਾਂ ਸਾਡੀ ਜਿੰਦ ਹੀ ਸੂਲੀ ਟੰਗੀ ਐ ਸੱਜਣਾ
ਰੱਬ ਵਰਗਾ ਤੂੰ ਸਾਨੂੰ ਕਾਹਤੋਂ ਪੱਥਰ ਬਣ ਚੱਲਿਆਂ
ਰੂਹ ਤੇਰੀ ਦੱਸ ਕਿਹੜੇ ਰੰਗ ਵਿੱਚ ਰੰਗੀ ਐ ਸੱਜਣਾ
ਅਸੀਂ ਹਰ ਵੇਲੇ ਹੀ ਖੈਰ ਤੇਰੇ ਲਈ ਮੰਗੀ ਐ ਸੱਜਣਾ

ਨਜ਼ਰ ਬਦਲ ਗਈ ਤੇਰੀ ਹੁਣ ਕਿਉਂ ਤੱਕਦਾ ਨੀ ਸਾਨੂੰ
ਜਿੰਦ ਸਾਡੀ ਤੇਰੇ ਵਿੱਚ ਦੀ ਹੋਕੇ ਲੰਘੀ ਐ ਸੱਜਣਾ
ਵਾਰ ਦਿੰਦੇ ਅਸੀਂ ਸਭ ਕੁਝ, ਇੱਕ ਵਾਰੀ ਦੱਸਦਾ ਤਾਂ
ਦੱਸ ਦਿੰਦਾ ਇੱਕ ਵਾਰੀ ਕਿਹੜੀ ਤੰਗੀ ਐ ਸੱਜਣਾ
ਅਸੀਂ ਹਰ ਵੇਲੇ ਹੀ ਖੈਰ ਤੇਰੇ ਲਈ ਮੰਗੀ ਐ ਸੱਜਣਾ
ਪਰ ਤੂੰ ਤਾਂ ਸਾਡੀ ਜਿੰਦ ਹੀ ਸੂਲੀ ਟੰਗੀ ਐ ਸੱਜਣਾ....

00

ਮੜੀ ਤੇ ਮੇਲੇ

ਬਸ ਜਾਂਦੀ ਵਾਰੀ ਨਾਮ ਕਮਾਜੀਏ ਦੁਨੀਆਂ ਤੋਂ
ਅਸੀਂ ਹੋਰ ਨੀ ਰੱਖੇ ਦਿਲ ਵਿੱਚ ਕੋਈ ਚਾਅ ਸੱਜਣਾ
ਮੜੀ ਤੇ ਮੇਲੇ ਲੱਗਦੇ ਰਹਿਣ ਹਮੇਸ਼ਾ ਲਈ
ਹੁਣ ਐਹੋ ਜੀ ਕੋਈ ਲੱਭਦੇ ਆਂ ਅਸੀਂ ਥਾਂ ਸੱਜਣਾ

ਉਹ ਬਾਲੇ ਦੀਵਾ ਯਾਦਾਂ ਦਾ ਮੈਨੂੰ ਚੇਤੇ ਕਰ
ਲੈ ਚੁੱਪ ਚਾਪ ਇਸ ਦੁਨੀਆਂ ਤੋਂ ਜਾਵਾਂਗੇ ਮਰ
ਅਸੀਂ ਕਿਹੜੇ ਰਾਹ ਪੈ ਚੱਲੇ ਦੱਸਣਾ ਨੀ ਨਾ ਸੱਜਣਾ
ਮੜੀ ਤੇ ਮੇਲੇ ਲੱਗਦੇ ਰਹਿਣ ਹਮੇਸ਼ਾ ਲਈ
ਐਹੋ ਜਿਹੀ ਕੋਈ ਲੱਭਦੇ ਆਂ ਅਸੀਂ ਥਾਂ ਸੱਜਣਾ
00

ਬੇਸ਼ੱਕ

ਬੇਸ਼ੱਕ ਮੈਨੂੰ ਕਰ ਰਹੀ ਮਾਏ ਜੱਗ ਤੋਂ ਦੂਰ
ਇੱਕ ਦਿਨ ਆਪਣੇ-ਆਪ ਤੇ ਪਛਤਾਵੇਂਗੀ ਜਰੂਰ
ਭਾਵੇਂ ਜੱਗ ਤੇ ਆਉਣ ਨੂੰ, ਮੈਨੂੰ ਲੱਗਣ ਰੋਕਾਂ ਲੱਖ
ਪਰ ਧੀਆਂ ਬਿਨ ਦੁਨੀਆਂ ਹੋ ਜਾਵੇਗੀ ਕੱਖ
ਮੇਰੀਆਂ ਸਧਰਾਂ ਨੂੰ ਤੂੰ ਕਾਹਤੋਂ ਰਹੀ ਏ ਰੋਲ
ਮਾਏ ਮੈਂ ਹਾਂ ਪੁੱਛਦੀ, ਤੂੰ ਵੀ ਤਾਂ ਕੁਝ ਬੋਲ
ਮੇਰੀ ਛੋਟੀ ਜਿਹੀ ਏਸ ਜਿੰਦ ਨੂੰ ਕਿਉਂ ਰਹੀ ਤਸੀਹੇ ਦੇ
ਮੈਂ ਬਣਦੀ ਨਹੀਂ ਕੋਈ ਸਾਹਿਬਾਂ ਜੋ ਕਰਗੀ ਇੱਜਤ ਖੇਹ
'ਬੇਸ਼ੱਕ' ਧੀਆਂ ਦੇ ਦੁੱਖ ਨੇ, ਪਰ ਦੁੱਖ ਵੰਡਾਊ ਮੈਂ
ਮੈਂ ਬਣੂ ਕਲਪਨਾ ਦੇਖ ਲਈਂ, ਅੰਬਰਾਂ ਤੇ ਜਾਊਂ ਮੈਂ
ਕਿਉਂ ਸੁਣਦੀ ਨੀ ਏਸ ਜੱਗ ਨੂੰ ਏ ਧੀਆਂ ਦੀ ਪੁਕਾਰ
ਇਹ ਬੋਝ ਨੇ ਕਾਹਤੋਂ ਸਮਝਦੇ, ਕਿਉਂ ਦਿੰਦੇ ਕੁੱਖ ਵਿੱਚ ਮਾਰ
ਨਾ ਫਿਕਰ ਕਰੀਂ ਤੂੰ ਦਾਜ ਦਾ, ਮੈਂ ਆਪੇ ਲਊ ਕਮਾਂ
ਜੇ ਦੋ ਅੱਖਰ ਹੀ ਪੜ੍ਹ ਗਈ ਸਭ ਪੂਰੇ ਕਰਦੂ ਚਾਅ
ਪੁੱਤ ਤਾਂ ਵੰਡੀਆਂ ਪਾਂਵਦੇ ਪਰ ਧੀਆਂ ਦੁੱਖ ਵੰਡਾਉਣ
ਇਹ ਬਲੀ ਦਾਜ਼ ਦੀ ਚੜ੍ਹਦੀਆਂ, ਦੇਖ ਫਿਰ ਵੀ ਨਾ ਘਬਰਾਉਣ
ਤੂੰ ਮਾਏ ਮੇਰੀ ਮੰਨ ਲੈ ਮੈਨੂੰ ਇੰਝ ਨਾ ਕਤਲ ਕਰਾ
ਮੈਨੂੰ ਦੇਖ ਲੈਣ ਦੇ ਜੱਗ ਤੂੰ ਮੈਂ ਪੂਰੇ ਕਰਨੇ ਚਾਅ
'ਬੇਸ਼ੱਕ' ਤੂੰ ਅੱਜ ਮਜਬੂਰ ਏ, ਪਰ ਮੈਨੂੰ ਤੇਰੀ ਲੋੜ
ਤੂੰ ਮਾਏ ਆਪਣੀ ਧੀ ਤੋਂ ਮੋਹ, ਮਮਤਾ ਨਾ ਤੋੜ
ਮੈਂ ਪੀੜ ਹਾਂ ਤੇਰੀ ਸਮਝਦੀ, ਤੂੰ ਬਾਬੁਲ ਨੂੰ ਸਮਝਾ
ਲਿਖ ਕਮਲ ਵੀ ਇਹੋ ਆਖਦੀ, ਤੂੰ ਕਰ ਨਾ ਇੰਝ ਗੁਨਾਹ
ਮੈਨੂੰ ਦੇਖ ਲੈਣ ਦੇ ਜੱਗ ਨੂੰ ਮੈਂ ਪੂਰੇ ਕਰਨੇ ਚਾਅ
ਮੈਂ ਪੂਰੇ ਕਰਨੇ ਚਾਅ.....

ਢੋਲ ਸਾਰੰਗੀ

ਮਾਰ ਧਾੜ ਤੇ ਹੋਣ ਡਕੈਤੀਆਂ ਬਈ
ਇਹਨਾਂ ਗੱਲਾਂ ਨਾਲ ਹੀ ਨੇ ਅਖਬਾਰ ਭਰਦੇ
ਪਹਿਲਾਂ ਵਰਗਾ ਰਿਹਾ ਨਾ ਮਾਹੌਲ ਕਾਹਤੋਂ
ਕਾਹਤੋਂ ਧੋਖਾ ਆਪਣੈ ਹੀ ਆਪਣਿਆਂ ਨਾਲ ਕਰਦੇ
ਕਿਤੇ ਲਿਖੀ ਇੱਜਤਾਂ ਦੀ ਖਲਵਾੜ ਹੋਈ
ਇੱਜਤਾਂ ਛੇੜਦੇ ਕਾਹਤੋਂ ਨੀ ਲੋਕ ਡਰਦੇ
ਕਿਤੇ ਪੁੱਤ ਦੇ ਹੱਥੋਂ ਕਤਲ ਪਿਉ ਹੋਇਆ
ਕਈ ਜਿਗਰ ਦੇ ਟੋਟੇ ਹੀ ਮਾਰ ਧਰਦੇ
ਕੈਸਾ ਹਨੇਰ ਏ ਸਾਈਂ ਦਾ ਕਹਿਰ ਛਾਇਆ
ਨ੍ਹੰਹ ਨੂੰ ਮਚਾਉਣ ਦੀ ਰਹਿੰਦੇ ਨੇ ਜੁਗਤ ਘੜਦੇ
ਕਈ ਕੁੱਖ ਵਿੱਚ ਮਾਰਦੇ ਧੀ ਲੋਕੋ
ਲਿਖੀ ਇਹੋ ਜਿਹੀ ਨਿੱਤ ਅਸੀਂ ਖਬਰ ਪੜ੍ਹਦੇ
ਕਿਤੇ ਮੇਲਿਆਂ ਦੀ ਨਹੀਂ ਹੁਣ ਗੱਲ ਹੁੰਦੀ
ਨਾ ਹੀ ਢੋਲ ਸਾਰੰਗੀ ਜਿਹੇ ਸਾਜ ਲੋਕੋ
ਜਰਾ ਸੋਚੋ ਅੱਜ ਤੋਂ ਦਸ ਵਰ੍ਹੇ
ਹੋਣਾ ਦੁਨੀਆਂ ਤੇ ਕੀ ਏ ਅੱਜ ਤੋਂ ਬਾਅਦ ਲੋਕੋ....

ਉਮੀਦ

ਕਹਿਣ ਨੂੰ ਸਭ ਨੇ ਆਪਣੇ
ਦਰਦ ਵੰਡਾਉਂਦਾ ਕੋਈ ਨੀ
ਮੇਰੇ ਵਰਗੇ ਦੁੱਖਾਂ ਨੂੰ
ਗਲ ਲਾਉਂਦਾ ਕੋਈ ਨੀ
ਕੀ ਹੋਇਆ ਜੇ ਕਿਸਮਤ
ਸਾਡੀ ਰੁੱਸ ਗਈ ਏ ਸੱਜਣਾ
ਪਰ ਮੰਜਿਲ ਤੇ ਜਾਣ ਦੀ
ਅਜੇ ਉਮੀਦ ਤਾਂ ਖੋਈ ਨੀ
ਕਿਸਮਤ ਅਗਰ ਜੇ ਸਾਥ ਦੇ ਗਈ
ਤਾਂ ਕੀ ਕਹਿਣੇ ਨੇ
ਉਝ ਕਦੇ ਕਿਸਮਤ ਦੇ ਮੂਹਰੇ
'ਕਮਲ' ਵੀ ਰੋਈ ਨੀ
00

ਪਿਆਸ

ਮੈਂ ਉਮਰਾਂ ਦੀ ਪਿਆਸ ਹਾਂ
ਬੈਠੀ ਦਰਿਆ ਦੇ ਪਾਸ ਹਾਂ
ਮੇਰੇ ਆਪਣਿਆਂ ਨੇ ਰੋਲਤਾ
ਪਰ ਕੁਝ ਲੋਕਾਂ ਲਈ ਖਾਸ ਹਾਂ
ਕੁਝ ਸੁਪਨੇ ਕੁਝ ਰੀਝਾਂ ਨੇ...
ਕੁੱਝ ਗੱਲਾਂ ਨੇ ਜੋ ਦੱਸ ਰਹੀ
ਮੈਂ ਸੋਹਣੀ ਹਾਂ ਬੜੀ ਹੱਦ ਤੋਂ
ਪਰ ਅੰਦਰੋਂ ਤਾਂ ਇੱਕ ਲਾਸ਼ ਹਾਂ
ਮੈਂ ਉਮਰਾਂ ਦੀ ਪਿਆਸ ਹਾਂ....
ਮੇਰੇ ਦਰਦ ਨੀ ਕੋਈ ਜਾਣਦਾ
ਜੋ ਸੀਨੇ ਦੇ ਵਿੱਚ ਰਹਿ ਗਏ
ਪਰ ਆਪਣੇ ਹੀ ਗਮਾਂ ਦੇ ਮੈਂ
ਬੜੀ ਨੇੜੇ ਹਾਂ, ਬੜੀ ਪਾਸ ਹਾਂ
ਮੈਂ ਉਮਰਾਂ ਦੀ ਪਿਆਸ ਹਾਂ....
ਵਰ੍ਹਿਆਂ ਤੋਂ ਜਿਹਦੀ ਦੀਦ ਨੂੰ
ਇਹ ਨੈਣ ਸੀ ਪਏ ਤਰਸਦੇ
ਉਹ ਆਵੇਗਾ ਮੈਨੂੰ ਮਿਲਣ ਨੂੰ
ਮੈਂ ਝੂਠੀ ਜਿਹੀ ਇੱਕ ਆਸ ਹਾਂ
ਮੈਂ ਉਮਰਾਂ ਦੀ ਪਿਆਸ ਹਾਂ...
ਕੋਈ ਲੱਭਦਾ ਨੀ ਏਸ ਦੁਨੀਆਂ ਤੇ
ਜੀਹਨੂੰ ਦਿਲ ਦਾ ਹਾਲ ਸੁਣਾ ਦਈਏ
ਮੈਨੂੰ ਸਜਾ ਮਿਲੀ ਕਿਸ ਗੱਲ ਦੀ
ਮੈਂ ਕੈਸਾ ਇੱਕ ਬਨਵਾਸ ਹਾਂ
ਮੈਂ ਉਮਰਾਂ ਦੀ ਪਿਆਸ ਹਾਂ....
ਚੱਲ ਲਿਖ ਹੀ ਦੇ ਜੇ ਕਹਿ ਰਹੀ
ਕਦੇ 'ਕਮਲ' ਨੂੰ ਕੋਈ ਪੜ੍ਹ ਲਊ
ਦੇ ਰਹੀ ਦਲਾਸਾ ਜਿੰਦ ਨੂੰ
ਮੈਂ ਐਸਾ ਇੱਕ ਧਰਵਾਸ ਹਾਂ
ਮੈਂ ਉਮਰਾਂ ਦੀ ਪਿਆਸ ਹਾਂ
ਬਸ ਉਮਰਾਂ ਦੀ ਪਿਆਸ ਹਾਂ।

00

ਬੰਦਗੀ

ਬੰਦਿਆਂ ਸਿੱਖ ਲੈ ਪਿਆਰ ਜਤਾਉਣਾ
ਕਾਹਤੋਂ ਨਫਰਤ ਕਰਦੇ ਉ
ਦੱਸ ਕੀ ਲੈ ਦੁਨੀਆਂ ਤੋਂ ਜਾਣਾ
ਕਾਹਤੋਂ ਲੜ ਲੜ ਮਰਦੇ ਓ
ਏਥੇ ਹੀ ਰਹਿਣਾ ਪੈਸਾ ਧੇਲਾ
ਫਿਰ ਕਿਉਂ ਜੇਬਾਂ ਭਰਦੇ ਓ
ਦੱਸ ਕੀ ਲੈ ਦੁਨੀਆਂ ਤੋਂ ਜਾਣਾ
ਕਾਹਤੋਂ ਲੜ-ਲੜ ਮਰਦੇ ਓ....
ਖਾਲੀ ਹੱਥੀਂ ਅਕਬਰ ਤੁਰ ਗਿਆ
ਮਹਿਲ ਮੁਨਾਰੇ ਛੱਡ ਕੇ
ਤਾਜ ਮਹਿਲ ਬਣਵਾਇਆ ਜੀਹਤੋਂ
ਹੱਸ ਸੀ ਉਹਦੇ ਵੱਡਤੇ
ਦੱਸੋ ਕੌਣ ਮਹਿਲਾਂ ਵਿੱਚ ਰਹਿੰਦਾ
ਜੀਹਦੀਆਂ ਗੱਲਾਂ ਕਰਦੇ ਓ
ਫਿਰ ਕੀ ਲੈ ਦੁਨੀਆਂ ਤੋਂ ਜਾਣਾ
ਕਾਹਤੋਂ ਲੜ-ਲੜ ਮਰਦੇ ਓ....

ਪਾਪ ਪੁੰਨ ਦਾ ਲੇਖਾ ਜੋਖਾ, ਨਾਲ ਬੰਦੇ ਦੇ ਜਾਣੈ
ਫਿਰ ਕਿਉਂ ਪੁੱਠੇ ਰਾਹੀਂ ਤੁਰਦਾ, ਸਿੱਖ ਲੈ ਧਰਮ ਕਮਾਉਣਾ
ਧੀਆਂ ਪੁੱਤ ਕੋਈ ਕੰਮ ਨੀ ਆਉਣੇ
ਜੀਹਤੇ ਮਾਣ ਜਿਹਾ ਕਰਦੇ ਓ
ਫਿਰ ਕੀ ਲੈ ਦੁਨੀਆਂ ਤੋਂ ਜਾਣਾ, ਕਾਹਤੋਂ ਲੜ ਲੜ ਮਰਦੇ ਓ....

ਰੁੱਖੀ ਮਿੱਸੀ ਬੰਦਿਆ ਖਾ ਲੈ
ਦੋਵੇਂ ਵੇਲੇ ਗੁਰੂ ਧਿਆ ਲੈ
ਮਾੜੇ ਕੰਮ ਤੋਂ ਬੰਦਗੀ ਚੰਗੀ, ਨੇੜੇ ਹੋਕੇ ਰੱਬ ਨੂੰ ਪਾ ਲੈ
ਚੰਗੇ ਕਰਮ ਉਥੇ ਕੰਮ ਆਉਣੇ, ਫਿਰ ਕਿਉਂ ਪਾਪੀ ਬਣਦੇ ਓ
ਫਿਰ ਕੀ ਲੈ ਦੁਨੀਆਂ ਤੋਂ ਜਾਣਾ, ਕਾਹਤੋਂ ਲੜ ਲੜ ਮਰਦੇ ਓ।

'ਕਮਲ' ਏ ਜੂਨ ਚਰਾਸੀ ਵਾਲੀ
ਰੱਖਦੀ ਚੱਕਰਾਂ ਦੇ ਵਿੱਚ ਪਾਈ

ਫਿਰ ਏ ਮਾਨਸ ਦੇਹ ਨੀ ਮਿਲਣੀ
ਫਿਰਦੇ ਕਾਹਤੋਂ ਦਿਲੋਂ ਭੁਲਾਈ
ਸਾਰੇ ਵੈਰੀ ਯਾਰ ਬਣਾ ਲਉ
ਜੀਹਨੂੰ ਦੇਖ ਕੇ ਸੜਦੇ ਓ
ਦੱਸ ਕੀ ਲੈ ਦੁਨੀਆਂ ਤੋਂ ਜਾਣਾ
ਕਾਹਤੋਂ ਲੜ ਲੜ ਮਰਦੇ ਓ....
00

ਮੇਲਾ ਦੁਨੀਆਂ ਦਾ

ਕੋਈ ਮਾੜਾ ਨੀ ਬੰਦਿਆ, ਦੁਨੀਆ ਐਵੇਂ ਗੱਲ ਬਣਾਵੇ
ਇਹ ਮੇਲਾ ਦੁਨੀਆਂ ਦਾ ਮਾਲਕ ਆਪਣੇ ਰੰਗ ਦਿਖਾਵੇ
ਇਹ ਮੇਲਾ ਦੁਨੀਆਂ ਦਾ ਮਾਲਕ ਆਪਣੇ ਰੰਗ ਦਿਖਾਵੇ...
ਕੋਈ ਜਾਵੇ ਮੰਦਰਾਂ ਨੂੰ ਕੋਈ ਬੈਠ ਨਮਾਜ਼ਾਂ ਪੜ੍ਹਦਾ
ਕੋਈ ਆਖੇ ਮਾਲਕ ਨੂੰ, ਬੂਹਾ ਖੋਲੀ ਆਪਣੇ ਦਰ ਦਾ
ਕੋਈ ਅੱਲ੍ਹਾ ਆਖੇ ਬਈਂ ਕੋਈ ਰਾਮ ਰਹੀਮ ਮਨਾਵੇ
ਇਹ ਮੇਲਾ ਦੁਨੀਆਂ ਦਾ, ਮਾਲਕ ਆਪਣੇ ਰੰਗ ਦਿਖਾਵੇ....
ਕੋਈ ਮੰਗ ਕੇ ਢਿੱਡ ਭਰਦਾ, ਕਿਤੇ ਅੰਨ ਦੇ ਭਰੇ ਭੰਡਾਰੇ
ਕਿਤੇ ਸਿਰ ਤੇ ਛੱਤ ਨਹੀਂ, ਕੋਈ ਬੈਠਾ ਮਹਿਲ ਮੁਨਾਰੇ
ਕੋਈ ਪਲਦਾ ਸੜਕਾਂ 'ਤੇ ਕੋਈ ਤਰ੍ਹਾਂ ਤਰ੍ਹਾਂ ਦੇ ਪਾਵੇ
ਇਹ ਮੇਲਾ ਦੁਨੀਆਂ ਦਾ ਮਾਲਕ ਆਪਣੇ ਰੰਗ ਦਿਖਾਵੇ...

ਕੋਈ ਮਾਲਕ ਲੱਖਾਂ ਦਾ, ਫਿਰ ਵੀ ਮਨ ਨੂੰ ਚੈਨ ਨੀ ਆਉਂਦਾ
ਕੋਈ ਤਰਸੇ ਤੁਰਨ ਵੱਲੋਂ, ਰੁੜ ਕੇ ਸਾਰੀ ਉਮਰ ਲੰਗਾਉਂਦਾ
ਕਿਸੇ ਅੱਖੀਂ ਜੋਤ ਨਹੀਂ, ਫਿਰ ਵੀ ਦੁਨੀਆਂ ਗਾਹੀ ਜਾਵੇ
ਇਹ ਮੇਲਾ ਦੁਨੀਆਂ ਦਾ ਮਾਲਕ ਆਪਣੇ ਰੰਗ ਦਿਖਾਵੇ...

ਕਿਉਂ ਵਕਤ ਨਹੀਂ ਮਿਲਦਾ, ਫਿਰਦਾ ਦੌਲਤ ਪਿੱਛੇ ਭੱਜਿਆ
ਕੀ ਨਾਲ ਲੈ ਜਾਵੇਂਗਾ, ਰੱਬ ਦਾ ਹੁਕਮ ਆਣ ਜਦੋਂ ਵੱਜਿਆ
ਨਾ ਮੇਲੇ ਹੋਣ ਦੇਵੇ, ਬੰਦਾ ਰਹਿ ਜਾਂਦਾ ਏ ਥਾਵੇਂ
ਇਹ ਮੇਲਾ ਦੁਨੀਆਂ ਦਾ ਮਾਲਕ ਆਪਣੇ ਰੰਗ ਦਿਖਾਵੇ...

ਕਰੇ ਮਾਲਕ ਮਿਹਰਾਂ ਉਹ, ਕਰੀਏ ਸ਼ੁਕਰਾਨਾ ਉਸ ਰੱਬ ਦਾ
ਹੈ ਮਰਜ਼ੀ ਉਸੇ ਦੀ 'ਕਮਲ' ਭਲਾ ਕਰੇ ਜੋ ਸਭ ਦਾ
ਹੱਥ ਜੋੜ ਕੇ ਆਖਾਂ ਮੈਂ, ਦਾਤਾ ਸਭ ਦੇ ਭਾਗ ਜਗਾਏ
ਇਹ ਮੇਲਾ ਦੁਨੀਆਂ ਦਾ ਮਾਲਕ ਆਪਣੇ ਰੰਗ ਦਿਖਾਵੇ...
ਇਹ ਮੇਲਾ ਦੁਨੀਆਂ ਦਾ ਮਾਲਕ ਆਪਣੇ ਰੰਗ ਦਿਖਾਵੇ...

Characters:	68174
Words:	18251
Sentences:	452
Paragraphs:	2474